# ਸੈਕੂਲਰਵਾਦ, ਸਿਵਲ ਸੁਸਾਇਟੀ ਅਤੇ ਹਿੰਦੂਤਵ

ਸੈਕੂਲਰਵਾਦ, ਸਿਵਲ ਸੁਸਾਇਟੀ ਅਤੇ ਹਿੰਦੂਤਵ, ਇਹ ਤਿੰਨੇ ਹੀ ਸੰਕਲਪ ਅੰਗਰੇਜ਼ ਬਸਤੀਵਾਦੀਆਂ ਦੇ ਸੰਕਲਪ ਹਨ ਜਿਨ੍ਹਾਂ ਨੂੰ ਅੱਜ ਦਾ ਹਿੰਦੋਸਤਾਨੀ ਨਿਜ਼ਾਮ ਲੋਕਾਂ ਦੀਆਂ ਜਦੋਜਹਿਦਾਂ ਉਤੇ ਹਮਲੇ ਕਰਨ ਲਈ ਵਰਤਦਾ ਹੈ। ਹਿੰਦੋਸਤਾਨ ਦੀ ਅਜੋਕੀ ਸਟੇਟ ਦਾ ਸੈਕੂਲਰਵਾਦ ਵੀ ਬ੍ਰਤਾਨਵੀ ਬਸਤੀਵਾਦ ਦੇ ਸੈਕੂਲਰਵਾਦ ਦੀ ਹੀ ਲੜੀ ਹੈ ਜੋ ਹਿੰਦੋਸਤਾਨ ਦੇ ਸਭਨਾਂ ਲੋਕਾਂ ਦੀ ਜ਼ਮੀਰ ਵਿਚ ਦਖ਼ਲਅੰਦਾਜ਼ੀ ਕਰਨਾ ਆਪਣਾਂ ਹੱਕ ਸਮਝਦੇ ਸਨ ਅਤੇ ਹਿੰਦੋਸਤਾਨ ਦੇ ਲੋਕਾਂ ਦੀ ਸਮਾਜੀ ਤੇ ਕੌਮੀ ਮੁਕਤੀ ਅਤੇ ਰੌਸ਼ਨ ਖਿਆਲੀ ਦੇ ਵੈਰੀ ਸਨ। ਹਿੰਦੋਸਤਾਨ ਦੇ ਲੋਕਾਂ ਦੀ ਧਰਤੀ ਅਤੇ ਮੇਹਨਤ ਨੂੰ ਲੁਟਣ ਦੇ ਮੰਤਵ ਨੂੰ ਹਾਸਲ ਕਰਨ ਲਈ ਉਨ੍ਹਾਂ ਦਾ ਸੈਕੂਲਰਵਾਦ ਹਿੰਦੋਸਤਾਨੀਆਂ ਨੂੰ ਗੁਲਾਮ ਬਣਾਕੇ ਰੱਖਣ, ਉਨ੍ਹਾਂ ਦੀਆਂ ਸੋਚਾਂ ਨੂੰ ਜਿੰਦਰੇ ਲਾਉਣ ਅਤੇ ਉਨ੍ਹਾਂ ਦੀ ਸਾਂਝੀ ਅਤੇ ਵਿਅਕਤੀਗਤ ਜ਼ਮੀਰ ਉਤੇ ਹਮਲੇ ਕਰਨ ਦਾ ਇਕ ਹਥਿਆਰ ਸੀ। ਬਸਤੀਵਾਦੀਏ ਬੇਸ਼ੱਕ ਚਲੇ ਗਏ ਪਰ ਦੇਸੀ ਹਾਕਮਾਂ ਨੇ ਉਨ੍ਹਾਂ ਦੇ ਸਥਾਪਤ ਕੀਤੇ ਹੋਏ ਸਾਰੇ ਹੀ ਅਦਾਰੇ ਕਾਇਮ ਰੱਖੇ ਜੋ ਉਨ੍ਹਾਂ ਨੇ ਹਿੰਦੋਸਤਾਨ ਦੇ ਲੋਕਾਂ ਨੂੰ ਦਬਾਕੇ ਰੱਖਣ ਅਤੇ ਉਨ੍ਹਾਂ ਦੀ ਮੇਹਨਤ ਦੀ ਲੁਟ ਕਰਨ ਲਈ ਬਣਾਏ ਸਨ। ਇਹ ਅਦਾਰੇ ਨਾ ਸਿਰਫ਼ ਬਰਕਰਾਰ ਹੀ ਰੱਖੇ ਗਏ ਬਲਕਿ ਦੇਸੀ ਗੱਦੀ ਨਸ਼ੀਨਾਂ ਦੀ ਜ਼ਰੂਰਤ ਅਨੁਸਾਰ ਇਨ੍ਹਾਂ ਨੂੰ ਹੋਰ ਤਕੜੇ ਕੀਤਾ ਗਿਆ। ਹਿੰਦੋਸਤਾਨ ਦੇ ਸੰਵਿਧਾਨ ਵਿਚ ਵੀ ਸੈਕੂਲਰਵਾਦ ਨੂੰ ਤਸਲੀਮ ਕਰਕੇ ਲਿਖ ਦਿਤਾ ਗਿਆ ਤਾਂ ਕਿ ਬਸਤੀਵਾਦੀਆਂ ਵਾਂਗਰ ਹੀ ਹਿੰਦੋਸਤਾਨ ਦੀ ਦੇਸੀ ਸਟੇਟ ਨੂੰ ਵੀ "ਸਹਿਣਸ਼ੀਲਤਾ", "ਸਦਭਾਵਨਾਂ", "ਇਕੋ ਜਿਹਾ ਵਰਤਾਵਾ" ਵਰਗੀ ਲਫਾਫ਼ੇਬਾਜ਼ੀ ਦਾ ਜਾਲ ਖ਼ਿਲਾਰ ਕੇ ਲੋਕਾਂ ਦੇ ਮੰਦਰਾਂ, ਮਸਜਦਾਂ, ਗੁਰਦਵਾਰਿਆਂ ਤੇ ਹੋਰ ਧਾਰਮਕ ਥਾਵਾਂ ਵਿਚ ਦਖ਼ਲਅੰਦਾਜ਼ੀ ਕਰਨ ਵਿਚ ਸੌਖ ਰਵ੍ਹੇ। ਅਤੇ ਉਹ ਲੋਕਾਂ ਦੀ ਜ਼ਮੀਰ ਤੇ ਹਮਲੇ ਕਰਦੇ ਹੋਏ ਧਰਮ ਨੂੰ ਵਰਤਕੇ ਨਫ਼ਰਤ, ਹਿੰਸਾ ਅਤੇ ਕਤਲੋਗਾਰਤ ਦਾ ਬਜ਼ਾਰ ਗਰਮ ਕਰਦੇ ਰਹਿਣ। ਬਰਤਾਨੀਆਂ ਦੇ ਬਸਤੀਵਾਦੀਆਂ ਦੀ ਸੈਕੂਲਰ ਨੀਤੀ ਦਾ ਮੰਤਵ ਹਿੰਦੋਸਤਾਨ ਦੇ ਲੋਕਾਂ ਨੂੰ ਪਾੜਨਾ ਤੇ ਉਨ੍ਹਾਂ ਉਤੇ ਰਾਜ ਕਰਨਾ ਸੀ। ਹਿੰਦੋਸਤਾਨ ਦੇ ਟੁਕੜੇ ਕਰਨ ਵਾਲੀ ਬਸਤੀਵਾਦ ਬਰਤਾਨਵੀ ਸਟੇਟ ਸੀ ਤੇ ਇੰਡੀਅਨ ਨੈਸ਼ਨਲ ਕਾਂਗਰਸ ਸੀ ਜੋ ਧਰਮ ਉਤੇ ਅਧਾਰਤ ਇਸ ਬਸਤੀਵਾਦੀ ਸੈਕੂਲਰਵਾਦ ਦੀ ਵੱਡੀ ਝੰਡਾਬਰਦਾਰ ਸੀ। ਹਿੰਦਸਤਾਨ ਵਿਚ ਬਸਤੀਵਾਦੀ ਸੈਕੂਲਰਵਾਦ ਏਥੇ ਫਿਰਕੂ ਹਿੰਸਾ ਦਾ ਬੰਦੋਬਸਤ ਕਰਨ ਲਈ ਲਿਆਂਦਾ ਗਿਆ ਸੀ ਤੇ ਬਹਾਨਾ ਇਹ ਵਰਤਿਆ ਗਿਆ ਕਿ ਹਿੰਦਸਤਾਨੀ ਲੋਕ "ਧਾਰਮਕ", "ਰੂਹਾਨੀ", ਅਤੇ "ਅਗਲੇ ਜਹਾਨ" ਵਿਚ ਯਕੀਨ ਰੱਖਣ ਵਾਲੇ ਹੀ ਹਨ ਤੇ ਇਸ ਜਹਾਨ ਦੀ ਇਨ੍ਹਾਂ ਨੂੰ ਕੋਈ ਸਮਝ ਨਹੀਂ, ਤਦੇ ਹੀ ਇਹ ਆਪਸ ਵਿਚ ਹਮੇਸ਼ਾਂ ਲੜਦੇ ਰਹਿੰਦੇ ਹਨ। ਉਨ੍ਹਾਂ ਐਲਾਨ ਕੀਤਾ ਕਿ ਬਰਤਾਨਵੀ ਸੈਕੂਲਰਵਾਦੀ ਸਟੇਟ ਇਨ੍ਹਾਂ "ਆਪਸ ਵਿਚ ਲੜਨ ਵਾਲੇ" ਨਿਰੇ ਧਾਰਮਕ ਲੋਕਾਂ ਲਈ ਅਮਨ, ਸਦਭਾਵਨਾ, ਸਹਿਣਸ਼ੀਲਤਾ, ਫਿਰਕੂ-ਸ਼ਾਂਤੀ ਅਤੇ ਇਨਸਾਫ਼ ਦਾ ਬੰਦੋਬਸਤ ਕਰੇਗੀ। ਲੇਕਿਨ ਬਸਤੀਵਾਦੀਆਂ ਦਾ ਸੌ ਸਾਲਾਂ ਤੋਂ ਉਪਰ ਦਾ ਰਾਜ ਅਤੇ ਪੰਜਾਹ ਸਾਲਾਂ ਤੋਂ ਉਪਰ ਦਾ ਦੇਸੀ ਰਾਜ ਤਸਦੀਕ ਕਰਦਾ ਹੈ ਕਿ ਅਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਮਗਰੋਂ ਦੀ ਹਿੰਦੋਸਤਾਨ ਦੀ ਸਟੇਟ ਦਾ ਸੈਕੂਲਰਵਾਦ ਅਤੇ ਇਸਦੀ ਫਿਰਕੂ ਹਿੰਸਾ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ। ਹਿੰਦੋਸਤਾਨ ਵਿਚ `ਸਿਵਲ ਸੁਸਾਇਟੀ` ਯਾਨੀ ਨਿਜੀ ਜਾਇਦਾਦ ਦੇ ਰਾਜ ਨੂੰ ਠੋਸਣ ਲਈ ਬਰਤਾਨਵੀ ਬਸਤੀਵਦੀਆਂ ਦੇ ਹੱਥਾਂ ਦੇ ਕਈ ਹਥਿਆਰਾਂ ਵਿਚੋਂ ਇਕ ਹਥਿਆਰ ਇਸਦਾ ਸੈਕੂਲਰਵਾਦ ਸੀ।

## ਸਿਵਲ ਸੁਸਾਇਟੀ

ਹਿੰਦੋਸਤਾਨ ਵਿਚ ਜ਼ਮੀਨ ਤੇ ਹੋਰ ਪੈਦਾਵਾਰੀ ਵਸੀਲਿਆਂ ਨੂੰ ਨਿਜੀ ਜਾਇਦਾਦ ਵਿਚ ਤਬਦੀਲ ਕਰ ਦੇਣ ਦਾ ਕਾਨੂੰਨ ਬਣਾ ਦੇਣਾ ਬਰਤਾਨਵੀ ਰਾਜ ਦੀ ਨੀਂਹ ਪੱਕੀ ਕਰਨਾ ਸੀ ਜਿਸਦਾ ਆਰੰਭ ਲਾਰਡ ਕੌਰਨਵਾਲਿਸ ਨੇ ੧੭੯੯ ਦੇ ਜ਼ਮੀਨ ਦੇ ***ਸਥਾਈ ਬਦੋਬਸਤ ਐਕਟ*** ਨਾਲ ਕੀਤਾ। ਇਸ "ਸੁਧਾਰ" ਰਾਹੀਂ ਹਿੰਦੋਸਤਾਨ ਵਿਚ ਬਸਤੀਵਾਦੀ ਰਾਜ ਦੀ ਨੀਂਹ ਪੱਕੀ ਕਰ ਦਿਤੀ ਗਈ। ਅਮੀਰੀਕੀ ਇਨਕਲਾਬ ਵਿਚ ਹਾਰ ਖਾ ਕੇ ਆਏ ਹੋਏ ਕੌਰਨਵਾਲਿਸ ਨੇ ਇਕ ਪਤੇ ਦੀ ਗੱਲ ਦੱਸੀ ਕਿ ਜੇ ਹਿੰਦੋਸਤਾਨ ਉਤੇ ਰਾਜ ਕਰਨਾ ਹੈ ਤਾਂ ਬਰਤਾਨਵੀਆਂ ਲਈ ਇਕ ਲਾਜ਼ਮੀ ਕਰਨ ਵਾਲੀ ਚੀਜ਼ ਇਹ ਹੈ ਕਿ ਹਿੰਦੋਸਤਾਨ ਵਿਚ ਜਾਇਦਾਦ ਦੇ ਸਬੰਧ ਤਬਦੀਲ ਕਰਕੇ ਇਥੇ ਇਕ ਇਹੋ ਜਿਹੀ ਜਮਾਤ ਪੈਦਾ ਕੀਤੀ ਜਾਵੇ ਜਿਸਦਾ ਹਿਤ ਬਰਤਾਨਵੀ ਸਟੇਟ ਦੀ ਖ਼ਿਦਮਤ ਕਰਨ ਵਿਚ ਹੋਵੇ। ਸੋ, ਉਨ੍ਹਾਂ ਨੇ ਜਗੀਰਦਾਰਾਂ ਤੇ ਸਨਅਤਕਾਰਾਂ ਦੀ ਇਹੋ ਜਿਹੀ ਜਮਾਤ ਪੈਦਾ ਕਰਨ ਲਈ ਜਿਸਦੇ ਹਿੱਤ ਬਰਤਾਨਵੀ ਬਸਤੀਵਾਦੀਆਂ ਨਾਲ ਬੱਝੇ ਹੋਏ ਹੋਣ, ੧੭੯੮ ਦਾ ਪਰਮਾਨੈਂਟ ਸੈਟਲਮੈਂਟ ਐਕਟ ਲਾਗੂ ਕੀਤਾ। ਬਰਤਾਨਵੀਆਂ ਵਲੋਂ ਪੈਦਾ ਕੀਤੇ ਇਨ੍ਹਾਂ ਜਗੀਰਦਾਰਾਂ ਅਤੇ ਸਨਅਤਕਾਰਾਂ ਵਿਚੋਂ ਹੀ ਅਜੋਕਾ ਹਾਕਮ ਤਬਕਾ ਵੀ ਨਿਕਲਿਆ ਜੋ ਹਿੰਦੋਸਤਾਨ ਦੇ ਲੋਕਾਂ ਦੀ ਲੁੱਟ-ਖਸੁਟ ਕਰਨ ਦਾ ਵਸੀਲਾ ਬਣਿਆਂ। ਹਿੰਦੋਸਤਾਨ ਦੀ ਸਿਵਲ ਸੁਸਾਇਟੀ ਵੀ ਬਸਤੀਵਾਦ ਦੀ ਹੀ ਵਿਰਾਸਤ ਹੈ। ਇਹ ਹਿੰਦੋਸਤਾਨ ਦੇ ਲੋਕਾਂ ਦੀ ਬੇਕਿਰਕ ਲੁਟ ਕਰਨ ਅਤੇ ਉਨ੍ਹਾਂ ਨੂੰ ਆਜ਼ਾਦੀ ਤੋਂ ਮਹਿਰੂਮ ਰੱਖਣ ਦਾ ਇਕ ਬੰਦੋਬਸਤ ਹੈ।

ਅੱਜ ਹਿੰਦੋਸਤਾਨ ਦੇ ਅੰਦਰ ਤੇ ਹੋਰ ਥਾਵੀਂ ਸਾਮਰਾਜੀਆਂ ਅਤੇ ਜਾਬਰਾਂ ਦੇ ਟੁਕੜਬੋਚ ਦਾਅਵੇ ਕਰ ਰਹੇ ਹਨ ਕਿ ਲੋਕਾਂ ਨੂੰ ਦਰਪੇਸ਼ ਮਸਲਿਆਂ ਦਾ ਹੱਲ "ਸਿਵਲ ਸੁਸਾਇਟੀ" ਕਰ ਸਕਦੀ ਹੈ। ਉਹ ਦਲੀਲਾਂ ਦਿਦੇ ਹਨ ਕਿ ਜੇ ਸਰਕਾਰਾਂ ਉਤੇ ਦਬਾਅ ਪਾ ਕੇ ਇਨ੍ਹਾਂ ਨੂੰ ਲੋਕਾਂ ਦੇ ਮਸਲੇ ਹੱਲ ਕਰਨ ਦਾ "ਸਿਆਸੀ ਇਰਾਦਾ" ਵਿਖਾਲਣ ਲਈ ਮਜਬੂਰ ਕੀਤਾ ਜਾਵੇ ਤਾਂ ਲੋਕਾਂ ਦੀਆਂ ਤਕਲੀਫ਼ਾਂ ਦੂਰ ਕੀਤੀਆਂ ਜਾ ਸਕਦੀਆਂ ਹਨ। ਇਹ ਗੱਲ ਕਹਿਣੀ ਇਸ ਹਕੀਕਤ ਤੋਂ ਅੱਖਾਂ ਮੀਟਣਾਂ ਹੈ ਕਿ ਹਿੰਦੋਸਤਾਨ ਦੀ ਮਜ਼ਦੂਰ ਜਮਾਤ ਅਤੇ ਲੋਕਾਂ ਦਾ ਨਿਸ਼ਾਨਾ "ਸਿਵਲ ਸੁਸਾਇਟੀ" ਸਥਾਪਤ ਕਰਨਾ ਨਹੀਂ ਹੋ ਸਕਦਾ ਕਿਉਂਕਿ ਇਹ ਮਜ਼ਦੂਰ ਜਮਾਤ ਤੇ ਹੋਰ ਕਿਰਤੀ ਲੋਕਾਂ ਦੀ ਬੰਦਖ਼ਲਾਸੀ ਨਹੀਂ ਕਰ ਸਕਦੀਂ। ਯੋਰਪ ਵਿਚ ਜਗੀਰਦਾਰੀ ਦੇ ਹੱਕਾਂ ਨੂੰ ਖ਼ਤਮ ਕਰਨ ਅਤੇ ਆਪ ਤਾਕਤ ਵਿਚ ਆਉਣ ਲਈ ਬੁਰਜੁਆਜ਼ੀ ਨੇ ਸਿਵਲ ਸੁਸਾਇਟੀ ਸਥਾਪਤ ਕੀਤੀ ਸੀ ਤਾਂ ਕਿ ਬੁਰਜੁਆਜ਼ੀ ਦੇ ਹੱਕ ਸੱਭ ਤੋਂ ਉਪਰ ਹੋਣ ਜਿਸ ਨਾਲ ਬਸਤੀਵਾਦ ਸਾਰੀ ਦੁਨੀਆਂ ਵਿਚ ਲੁਟ ਮਚਾ ਸਕੇ। ਤੇ ਐਸ ਵੇਲੇ ਇਹ `ਸਿਵਲ ਸੁਸਾਇਟੀ` ਦੁਨੀਆਂ ਭਰ ਦੇ ਪੈਮਾਨੇ ਤੇ ਨਵ-ਬਸਤੀਵਾਦੀ ਲੁੱਟ ਲਈ ਅਧਾਰ ਮੁਹੱਈਆ ਕਰ ਰਹੀ ਹੈ। ਸਿਵਲ ਸੁਸਾਇਟੀ ਅੰਦਰ "ਸਿਆਸੀ ਇਰਾਦੇ" ਦਾ ਨਿਸ਼ਾਨਾ ਇਹ ਹੈ ਕਿ ਬੁਰਜੁਆਜ਼ੀ ਉਹ ਗ਼ਲਤੀਆਂ ਨਾ ਕਰੇ ਜੋ ਐਸ ਵੇਲੇ ਸਮਾਜ ਤੇ ਮੁਲਕ ਨੂੰ ਕਾਂਟ-ਛਾਂਟ ਕੇ ਉਤਪਾਦਨ ਤੇ ਪੂੰਜੀ ਦੇ ਵਿਸ਼ਵੀਕਰਣ ਦੇ ਰਾਹ ਪਾਉਣ ਵਿਚ ਅੜਿਕਾ ਬਣਦੀਆਂ ਹਨ। ਪੂੰਜੀ ਤੇ ਉਤਪਾਦਨ ਦੇ ਵਿਸ਼ਵੀਕਰਣ ਦੇ ਰਾਹ ਚੱਲਣਾਂ ਇਸਦੀ ਮੌਜੂਦਾ ਜ਼ਰੂਰਤ ਹੈ।

ਜੇ ਬਗੈਰ ਕਿਸੇ ਪੱਖਬਾਜ਼ੀ ਦੇ ਚੀਰ ਫਾੜ ਕਰ ਕਰਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਸਿਵਲ ਸੁਸਾਇਟੀ ਮਜ਼ਦੂਰ ਜਮਾਤ ਤੇ ਲੋਕਾਂ ਦੀ ਗੁਲਾਮੀ ਦਾ ਬੰਦੋਬਸਤ ਹੈ ਮੁਕਤੀ ਦਾ ਸਾਧਨ ਨਹੀਂ। ਹਿੰਦੋਸਤਾਨ ਵਿਚ ਸਿਵਲ ਸੁਸਾਇਟੀ ਹੀ ਤਾਂ ਹੈ। ਸਿਵਲ ਸੁਸਾਇਟੀ ਦਾ ਅਰਥ ਉਨ੍ਹਾਂ ਅਦਾਰਿਆਂ ਦੀ ਆਜ਼ਾਦੀ ਦੀ ਕਾਨੂੰਨੀ ਗਰੰਟੀ ਦੇਣਾਂ ਹੈ ਜਿਨ੍ਹਾਂ ਰਾਹੀਂ ਬੁਰਜੁਆਜ਼ੀ ਆਪਣੇ ਲਈ ਪੂੰਜੀ ਇਕੱਠੀ ਕਰਦੀ ਹੈ ਤੇ ਆਪਣਾਂ ਰਾਜ ਮਜ਼ਬੂਤ ਕਰਦੀ ਹੈ। ਵੱਖ ਵੱਖ ਮੁਲਕਾਂ ਅੰਦਰ ਇਹ ਅਦਾਰੇ ਸਮੇਂ ਦੇ ਅਨੁਸਾਰ ਵੱਖ ਵੱਖ ਰੂਪਾਂ ਵਿਚ ਹੋ ਸਕਦੇ ਹਨ। ਸਿਵਲ ਸੁਸਾਇਟੀ ਦਾ ਰੂਪ ਇਕ ਸੰਵਿਧਾਨਕ ਬਾਦਸ਼ਾਹਤ ਹੋ ਸਕਦਾ ਹੈ, ਇਕ ਲੋਕਤੰਤਰ ਹੋ ਸਕਦਾ ਹੈ, ਇਕ ਰਾਸ਼ਟਰਪਤੀ ਰਾਜ ਵਾਲਾ ਹੋ ਸਕਦਾ ਹੈ, ਜਾਂ ਇਕ ਪਾਰਲੀਮੈਂਟ ਵਾਲਾ ਹੋ ਸਕਦਾ ਹੈ ਜਿਸਦਾ ਮੋਹਰੀ ਪ੍ਰਧਾਨਮੰਤਰੀ ਹੋਵੇ। ਇਹ ਇਕ ਇਕਹਿਰੀ ਸਟੇਟ ਦੇ ਰੂਪ ਵਿਚ ਵੀ ਹੋ ਸਕਦੀ ਹੈ ਜਾਂ ਇਕ ਕਨਫੈਡਰੇਸ਼ਨ ਵੀ ਹੋ ਸਕਦੀ ਹੈ। ਇਸਦਾ ਚੋਣ ਸਿਸਟਮ ਅਨੁਪਾਤੀ ਪ੍ਰਤੀਨਿਧਤਾ ਵਾਲਾ ਵੀ ਹੋ ਸਕਦਾ ਹੈ ਤੇ ਬਹੁ-ਗਿਣਤੀ ਨਾਲ ਚੁਣੇ ਹੋਏ ਨੁਮਾਇੰਦਿਆਂ ਵਾਲਾ ਵੀ ਹੋ ਸਕਦਾ ਹੈ। ਇਸ ਵਿਚ ਕਿਸੇ ਹੱਦ ਤੱਕ ਲੋਕਾਂ ਨੂੰ ਸਿਵਲ ਅਜ਼ਾਦੀਆਂ ਵੀ ਹੋ ਸਕਦੀਆਂ ਹਨ ਜਿਵੇਂ ਕਿ ਬੋਲਣ ਦੀ ਆਜ਼ਾਦੀ, ਮੇਲ-ਗੇਲ ਦੀ ਆਜ਼ਾਦੀ ਤੇ ਕਿਸੇ ਵੀ ਧਰਮ ਵਿਚ ਯਕੀਨ ਰੱਖਣ ਦੀ ਆਜ਼ਾਦੀ ਅਤੇ ਹੈਬੀਅਸ ਕੌਰਪਸ ਵਗੈਰਾਹ। ਇਸ ਅੰਦਰ ਵੋਟ ਪਾਉਣ ਦਾ ਹੱਕ ਅਤੇ ਆਜ਼ਾਦ ਤੇ ਉਚਿਤ ਚੋਣਾਂ ਦੀ ਸੁਵਿਧਾ ਹੋ ਸਕਦੀ ਜਿਥੇ ਸਾਰਿਆਂ ਨੂੰ ਵੋਟਾਂ ਪਾਉਣ ਦਾ ਹੱਕ ਵੀ ਹੋ ਸਕਦਾ ਹੈ ਜਾਂ ਕਈਆਂ ਨੂੰ ਨਹੀਂ ਵੀ ਹੋ ਸਕਦਾ। ਜੇ ਕੋਈ ਹੰਗਾਮੀ ਹਾਲਾਤ ਪੈਦਾ ਹੋ ਜਾਣ ਜਾਂ ਲੜਾਈ ਵਗੈਰਾ ਛਿੜ ਪਵੇ ਜਾਂ ਸਰਕਾਰ ਹੁਕਮ ਕਰ ਦਏ ਕਿ ਇਨ੍ਹਾਂ ਸਹੂਲਤਾਂ ਦੀ "ਕੋਈ ਹੱਦ" ਵੀ ਹੋਣੀ ਚਾਹੀਦੀ ਹੈ ਤਾਂ ਇਸ ਵਿਚ ਇਨ੍ਹਾਂ ਸਾਰਿਆਂ ਹੱਕਾਂ, ਅਜ਼ਾਦੀਆਂ ਤੇ ਅਦਾਰਿਆਂ ਨੂੰ ਮੁਅੱਤਲ ਕਰਨ ਦੀ ਸੁਵਿਧਾ ਵੀ ਹੋ ਸਕਦੀ ਹੈ। ਸਿਵਲ ਸੁਸਾਇਟੀ ਦੀ ਸ਼ਕਲ ਚਾਹੇ ਕੋਈ ਵੀ ਹੋਵੇ ਲੇਕਿਨ ਇਹ ਸ਼ਰਤੀਆ ਤੌਰ ਤੇ ਇਕ ਤਾਂ ਨਿਜੀ ਜਾਇਦਾਦ ਦੀ ਰਖਵਾਲੀ ਜ਼ਰੂਰ ਕਰਦੀ ਹੈ ਤੇ ਦੂਸਰਾ ਇਸ ਸੋਚ ਤੇ ਡੱਟ ਕੇ ਪਹਿਰਾ ਦਿੰਦੀ ਹੈ ਕਿ ਖ਼ੁਸ਼ਹਾਲੀ ਮਾਨਣ ਤੇ "ਖ਼ੁਸ਼ੀਆਂ ਨੂੰ ਹਾਸਲ" ਕਰਨ ਲਈ ਨਿਜੀ ਜਾਇਦਾਦ ਇਕੱਠੀ ਕਰਨੀ ਲਾਜ਼ਮੀ ਹੈ।

## ਹਿੰਦੂਤਵ

ਹਿੰਦੂਤਵ ਦਾ ਸੰਕਲਪ ਵੀ ਇਕ ਬਸਤੀਵਾਦੀ ਸੰਕਲਪ ਸੀ ਜੋ ਬਰਤਾਨਵੀਆਂ ਨੇ ਲਿਆਂਦਾ ਸੀ। ਜੇ ਇਹ ਸਵੀਕਾਰ ਕਰ ਲਿਆ ਜਾਵੇ ਕਿ ਹਿੰਦੋਸਤਾਨ ਵਿਚ ਵਸਦੇ ਲੋਕ ਸਿਰਫ਼ ਧਾਰਮਕ ਫਿਰਕੇ ਹਨ ਜੋ ਆਪਸ ਵਿਚ ਲੜਦੇ ਰਹਿੰਦੇ ਹਨ ਤੇ ਬਰਤਾਨਵੀ ਸਟੇਟ ਦਾ ਰੋਲ ਇਨ੍ਹਾਂ ਫਿਰਕਿਆਂ ਨੂੰ ਅਮਨ, ਸਹਿਣਸ਼ੀਲਤਾ ਅਤੇ ਸਦਭਾਵਨਾ ਨਾਲ ਰੱਖਣਾਂ ਅਤੇ ਇਨਸਾਫ਼ ਦੇਣਾਂ ਹੈ ਤਾਂ ਲਾਜ਼ਮੀ ਹੈ ਕਿ ਦੂਜੇ ਫਿਰਕਿਆਂ ਦੀਆਂ ਵਧੀਕੀਆਂ ਤੋਂ ਆਪਣੇ ਆਪ ਨੂੰ ਮਹਿਫ਼ੂਜ਼ ਰੱਖਣ ਵਾਸਤੇ ਹਿੰਦੂ ਆਪਣੇ ਹਿੰਦੂਤਵ ਮਜ਼ਬੂਤੀ ਕਰਨਗੇ, ਮੁਸਲਮਾਨ ਆਪਣੀ ਇਸਲਾਮੀਅਤ ਮਜ਼ਬੂਤ ਕਰਨਗੇ ਅਤੇ ਸਿੱਖ ਆਪਣੀ ਸਿੱਖੀ ਨੂੰ ਮਜ਼ਬੂਤ ਕਰਨਗੇ। ਬਰਤਾਨਵੀ ਸੈਕੂਲਰ ਸਟੇਟ ਇਨ੍ਹਾਂ ਸਾਰਿਆਂ ਧਰਮਾਂ ਨਾਲ ਇਨਸਾਫ਼ ਕਰਦੀ ਹੋਈ ਏਸ ਕੰਮ ਵਿਚ ਇਨ੍ਹਾਂ ਸਾਰਿਆਂ ਦੀ ਮੱਦਦ ਕਰਨ ਲਈ ਮੰਦਰਾਂ, ਮਸੀਤਾਂ ਅਤੇ ਗੁਰਦਵਾਰਿਆਂ ਆਦਿ, ਨੂੰ ਖੁਲ੍ਹੀਆਂ ਗਰਾਂਟਾਂ ਦੇਵੇਗੀ, ਫਿਰਕਿਆਂ ਦੇ ਅਧਾਰ ਤੇ ਚੋਣਾਂ ਜਥੇਬੰਦ ਕਰੇਗੀ, ਫਿਰਕਿਆਂ ਦੇ ਅਧਾਰ ਤੇ ਵੋਟਾਂ ਪਾਉਣ ਦਾ ਹੱਕ ਦੇਵੇਗੀ, ਤਾਲੀਮ ਦਾ ਕੰਮ ਧਾਰਮਕ ਅਦਾਰਿਆਂ ਨੂੰ ਸੌਂਪੇਗੀ। ਏਥੇ ਹੀ ਬੱਸ ਨਹੀਂ, ਉਨ੍ਹਾਂ ਨੇ ਬੋਲੀਆਂ ਨੂੰ ਵੀ ਮਜ਼ਹਬਾਂ ਦੇ ਨਾਲ ਨਰੜ ਦਿਤਾ, ਹਿੰਦਆਂ ਦੀ ਭਾਸ਼ਾ ਹਿੰਦੀ, ਮੁਸਲਮਾਨਾਂ ਦੀ ਉਰਦੂ ਤੇ ਸਿਖਾਂ ਦੀ ਪੰਜਾਬੀ। ਧਰਮ ਤੇ ਕੌਮ ਨੂੰ ਰੱਲ-ਗੱਡ ਕਰਦੇ ਹੋਏ ਬਸਤੀਵਾਦੀਏ ਇਹ ਵੀ ਕਹਿਣ ਲੱਗੇ ਕਿ ਹਿੰਦੂ ਇਕ ਕੌਮ ਹਨ, ਮੁਸਲਮਾਨ ਇਕ ਕੌਮ ਹਨ ਤੇ ਸਿਖ ਇਕ ਕੌਮ ਹਨ। ਵਾਰਨ ਹੇਸਟਿੰਗ ਨੇ ***ਜੈਂਤੂ ਕੋਡ*** ਰਾਹੀਂ ਇਸ ਚੀਜ਼ ਨੂੰ ਮੁਲਕ ਦਾ ਕਾਨੂੰਨ ਬਣਾ ਦਿਤਾ ਅਤੇ ਮਿਉਂਸਪਲ ਕਾਰਪੋਰੇਸ਼ਨਾਂ, ਚੋਣਾਂ ਅਤੇ ਵੋਟਾਂ ਦੀ ਫਿਰਕਿਆਂ ਉਤੇ ਅਧਾਰਤ ਕੋਟਾਬੰਦੀ ਕਰਨ ਦੇ "ਸੁਧਾਰਾਂ" ਰਾਹੀਂ ਹਰ ਸਰਕਾਰੀ ਅਦਾਰੇ ਵਿਚ ਫਿਰਕੂਵਾਦ ਵਾੜ ਦਿਤਾ। ਇੰਡੀਅਨ ਨੈਸ਼ਨਲ ਕਾਂਗਰਸ, ਮੁਸਲਮ ਲੀਗ ਅਤੇ ਸੀ.ਪੀ.ਆਈ. ਦੇ ਆਗੂ ਕੌਮ ਦੀ ਇਸ ਬਸਤੀਵਾਦੀ ਪ੍ਰੀਭਾਸ਼ਾ ਨੂੰ ਸਵੀਕਾਰ ਕਰ ਗਏ ਜੋ ਹਿੰਦੋਸਤਾਨ ਵਿਚ ਵਸਦੀਆਂ ਸਾਰੀਆਂ ਕੌਮਾਂ, ਕੌਮੀਅਤਾਂ ਅਤੇ ਕਬਾਇਲੀ ਲੋਕਾਂ ਦੇ ਇਤਹਾਸ ਅਤੇ ਵਿਕਾਸ ਨੂੰ ਨਕਾਰਦੀ ਸੀ। ਸਿਟਾ ਇਹ ਨਿਕਲਿਆ ਕਿ ਧਰਮਾਂ ਦੇ ਅਧਾਰ ਉਤੇ ਹਿੰਦੋਸਤਾਨ ਦਾ ਬਟਵਾਰਾ ਕਰਨ ਲਈ ਬਰਤਾਨਵੀ, ਇੰਡੀਅਨ ਨੈਸ਼ਨਲ ਕਾਂਗਰਸ, ਮੁਸਲਮ ਲੀਗ, ਰਾਸ਼ਟਰੀ ਸੌਇਮ ਸੰਘ ਅਤੇ ਸੀ.ਪੀ.ਆਈ. ਆਦਿ, ਸਾਰੇ ਹੀ ਸਹਿਮਤ ਹੋ ਗਏ। ਇਨ੍ਹਾਂ ਜਥੇਬੰਦੀਆਂ ਦੀ ਲੀਡਰਸ਼ਿਪ ਹਿੰਦੋਸਤਾਨ ਦੇ ਹਾਕਮ ਦਾਇਰਿਆਂ ਦੀ ਨੁਮਾਇੰਦਗੀ ਕਰਦੀ ਸੀ ਜੋ ਬਸਤੀਵਾਦੀ ਢਾਂਚੇ ਨਾਲੋਂ ਮੁਕੰਮਲ ਤੌਰ ਤੇ ਕਿਨਾਰਾਕਸ਼ੀ ਨਹੀਂ ਸੀ ਕਰਨਾ ਚਾਹੁੰਦੀ ਬਲਕਿ ਇਹ ਚਾਹੁੰਦੀ ਸੀ ਬਸਤੀਵਾਦੀ ਤਾਂ ਚਲੇ ਜਾਣ ਪਰ ਬਸਤੀਵਾਦੀ ਢਾਂਚਾ ਬਰਕਰਾਰ ਰਹੇ। ਪਿਛਲੇ ਪੰਜਾਹ ਸਾਲਾਂ ਤੋਂ ਜ਼ਿਆਦਾ ਦਾ ਸਮਾਂ ਇਸ ਚੀਜ਼ ਨੂੰ ਪੂਰੀ ਤਰ੍ਹਾਂ ਸਾਬਤ ਕਰ ਗਿਆ ਹੈ।

ਹਿੰਦੂਤਵ ਦੇ ਪੈਰੋਕਾਰ ਵੀ ਹਿੰਦੋਸਤਾਨ ਵਿਚੋਂ ਬਸਤੀਵਾਦੀ ਅਦਾਰਿਆਂ ਨੂੰ ਖ਼ਤਮ ਨਹੀਂ ਕਰਨਾ ਚਾਹੁੰਦੇ। ਉਹ ਬਰਵਾਨਵੀ ਬਸਤੀਵਾਦੀਆਂ ਦੀ ਹਿੰਦੋਸਤਾਨ ਵਿਚ ਸਥਾਪਤ ਕੀਤੀ ਹੋਈ ਸਿਵਲ ਸੁਸਾਇਟੀ ਨੂੰ ਵੀ ਚਾਲੂ ਰੱਖਣਾਂ ਚਾਹੁੰਦੇ ਹਨ ਅਤੇ ਹਿੰਦੂਤਵ ਨੂੰ ਹਿੰਦੋਸਤਾਨੀ ਸਟੇਟ ਦੀ ਵਿਚਾਰਧਾਰਾ ਵਜੋਂ ਠੋਸ ਕੇ ਲੋਕਾਂ ਦੀ ਜ਼ਮੀਰ ਵਿਚ ਦਖ਼ਲ ਅੰਦਾਜ਼ੀ ਕਰਨੀ ਚਾਹੁੰਦੇ ਹਨ। ਇਸ ਪੱਖੋਂ ਹਿੰਦੂਤਵ ਅਤੇ ਬਸਤੀਵਾਦੀਆਂ ਦੇ ਸੈਕੂਲਰਵਾਦ ਵਿਚ ਕੋਈ ਫਰਕ ਨਹੀਂ ਜੋ ਸਾਰਿਆਂ ਹੀ ਲੋਕਾਂ ਦੀ ਜ਼ਮੀਰ ਵਿਚ ਦਖ਼ਲ ਅੰਦਾਜ਼ੀ ਕਰਦਾ ਹੈ।

ਕਾਂਗਰਸ ਨੇ ਆਪਣੇ ਆਪ ਨੂੰ "ਬਹੁ-ਗਿਣਤੀ ਭਾਈਚਾਰੇ" ਦੀ ਪਾਰਟੀ ਐਲਾਨਿਆਂ। ਗਾਂਧੀ, ਨਹਿਰੂ, ਪਟੇਲ, ਪ੍ਰਸ਼ੋਤਮ ਦਾਸ ਟੰਡਨ, ਮਦਨ ਮੋਹਨ ਮਾਲਵੀਆ,ਰਜਿੰਦਰ ਪਰਸ਼ਾਦ ਅਤੇ ਹੋਰ ਕਾਂਗਰਸੀ ਲੀਡਰ ਫਿਰਕਾਪ੍ਰਸਤ ਜਥੇਬੰਦੀਆਂ ਨਾਲ ਜੁੜੇ ਹੋਏ ਸਨ ਅਤੇ ਖੁਦ `ਰਾਮਰਾਜ` ਦਾ ਹੋਕਾ ਦਿੰਦੇ ਸਨ। ਹਿੰਦੋਸਤਾਨ ਸੰਵਿਧਾਨ ਖੁਦ ਬ੍ਰਾਹਮਣਵਾਦ ਤੇ ਹਿੰਦੀ ਨੂੰ ਮਾਨਤਾ ਦਿੰਦਾ ਹੈ। ਇਹ ਹਿੰਦੋਸਤਾਨ ਵਿਚ ਵਸਦੀ ਕਿਸੇ ਕੌਮ ਜਾਂ ਕੌਮੀਅਤ ਦੇ ਹੱਕਾਂ ਨੂੰ ਤਸਲੀਮ ਨਹੀਂ ਕਰਦਾ। ਹੁਣ ਹਿੰਦੋਸਤਾਨ ਦੇ ਹਾਕਮ ਦਾਇਰੇ ਹਿੰਦੂਤਵ ਨੂੰ ਵਰਤਣਾਂ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਸੈਕੂਲਰਵਾਦ ਤੇ ਸਮਾਜਵਾਦ ਦਾ ਹੁਣ ਕਿਸੇ ਤੇ ਕੋਈ ਅਸਰ ਨਹੀਂ ਹੁੰਦਾ ਤੇ ਇਨ੍ਹਾਂ ਦੇ ਆਸਰੇ ਹੁਣ ਲੋਕਾਂ ਨੂੰ ਹੋਰ ਬੁਧੂ ਨਹੀਂ ਬਣਾਇਆ ਜਾ ਸਕਦਾ। ਹਿੰਦੂਤਵ ਦੀ ਲਫਾਫੇਬਾਜ਼ੀ ਵਰਤਕੇ ਹਿੰਦੋਸਤਾਨ ਦੇ ਹਾਕਮ ਦਾਇਰੇ ਇਸ ਖਿਤੇ ਵਿਚ ਵੀ ਅਤੇ ਅੰਤਰਰਾਸ਼ਟਰੀ ਅਖਾੜਿਆਂ ਵਿਚ ਵੀ ਵੱਡੇ ਖਿਲਾੜੀਆਂ ਦੇ ਤੌਰ ਤੇ ਉਤਰਨਾ ਚਾਹੁੰਦੇ ਹਨ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਇਹ ਇਸਲਾਮ ਦੇ ਖ਼ਿਲਾਫ਼ ਜਹਾਦ ਅਤੇ ਮਿਡਲ

ਈਸਟ ਵਿਚ ਸਾਮਰਾਜ-ਵਿਰੋਧੀ ਇਸਲਾਮਕ ਇਨਕਲਾਬ ਦੇ ਖ਼ਿਲਾਫ਼ ਜਹਾਦ ਵਿਚ ਅਮਰੀਕਾ ਦੇ ਭਾਈਵਾਲ ਬਣਨਾ ਚਾਹੁੰਦੇ ਹਨ। ਹਿੰਦੂਤਵ ਨੂੰ ਵਰਤਕੇ ਉਹ ਲੋਕਾਂ ਨੂੰ ਭੰਬਲਭੂਸਿਆਂ ਵਿਚ ਪਾਕੇ ਆਪਣੇ ਹਿਤਾਂ ਲਈ ਵਰਗਲਾਉਣਾਂ ਚਾਹੁੰਦੇ ਹਨ ਅਤੇ ਹਿੰਦੋਸਤਾਨ ਦੇ ਲੋਕਾਂ ਦੀ ਆਪਣੇ ਹੱਕਾਂ, ਇਨਸਾਫ਼, ਇਜ਼ਤ, ਅਤੇ ਖ਼ੁਸ਼ਹਾਲੀ ਲਈ ਜਦੋਜਹਿਦਾਂ ਨੂੰ ਕੁਰਾਹੇ ਪਾਉਣਾਂ ਲੋੜਦੇ ਹਨ।

ਹਿੰਦੋਸਤਾਨ ਦੇ ਹਾਕਮ ਦਾਇਰਿਆਂ ਦੀ ਕਾਰਜਕਰਨੀ ਦੇ ਮੁਖੀ ਅਟੱਲ ਬਿਹਾਰੀ ਵਾਜਪਾਈ ਨੇ ਇਸ ਸਾਲ (੨੦੦੨) ਦੇ ਸ਼ੁਰੂ ਵਿਚ ਮੁਸਲਮਾਨਾਂ ਦੇ ਖ਼ਿਲਾਫ਼ ਜੰਗ ਦਾ ਐਲਾਨ ਕਰ ਦਿਤਾ ਹੈ। ਗੋਆ ਵਿਚ ਭਾਜਪਾ ਦੀ ਪਾਰਟੀ ਕਨਵੈਨਸ਼ਨ ਵਿਚ ਤਕਰੀਰ ਕਰਦਿਆਂ ਉਸਨੇ ਕਿਹਾ, "ਹਿੰਦੂ ਕਰੋੜਾਂ ਦੀ ਤਾਦਾਦ ਵਿਚ ਰਹਿੰਦੇ ਹਨ ਪਰ ਦੂਸਰਿਆਂ ਦੇ ਧਾਰਮਕ ਜਜ਼ਬਿਆਂ ਨੂੰ ਕਦੇ ਠੇਸ ਨਹੀਂ ਲਾਉਂਦੇ। ਪਰ ਜਿਥੇ ਕਿਤੇ ਮੁਸਲਮਾਨ ਹਨ ਉਹ ਕਦੇ ਅਮਨ ਨਾਲ ਵਸਣਾਂ ਨਹੀਂ ਚਾਹੁੰਦੇ।" ਜਿਥੋਂ ਤੱਕ ਪੱਖਬਾਜ਼ੀ ਦਾ ਸਵਾਲ ਹੈ ਵਾਜਪਾਈ ਦੇ ਖਿਆਲ ਮੋਹਨਦਾਸ ਕਰਮ ਚੰਦ ਗਾਂਧੀ ਦੇ ਜਜ਼ਬੇ ਦੀ ਹੀ ਝਲਕ ਹਨ। ਗਾਂਧੀ ਦੇ ਪੋਤੇ ਰਾਜਮੋਹਨ ਗਾਂਧੀ ਨੇ ਆਪਣੀ ਪੁਸਤਕ `***ਅੱਠ ਜੀਵਨਃ ਹਿੰਦੂ-ਮੁਸਲਮ ਝਗੜੇ ਦਾ ਇਕ ਅਧਿਅਨ***` ਵਿਚ ਮਹਾਤਮਾਂ ਗਾਂਧੀ ਦਾ ਇਹ ਕਹਿੰਦੇ ਦਾ ਹਵਾਲਾ ਦਿਤਾ ਹੈ, "ਮੇਰਾ ਆਪਣਾਂ ਤਜਰਬਾ ਵੀ ਇਸੇ ਰਾਏ ਦੀ ਤਸਦੀਕ ਕਰਦਾ ਹੈ ਇਕ ਮੁਸਲਮਾਨ ਆਮ ਤੌਰ ਤੇ ਧੱਕੜਸ਼ਾਹ ਹੁੰਦਾ ਹੈ ਤੇ ਹਿੰਦੂ ਬੁਜ਼ਦਿਲ।" ਪਰ ਗੁਜਰਾਤ ਵਿਚ ਹੋ ਰਹੀ ਕਤਲੋਗ਼ਾਰਤ ਦੇ ਐਨ ਵਿਚਕਾਰ ਇਕ ਪ੍ਰਧਾਨ ਮੰਤਰੀ ਦੇ ਤੌਰ ਤੇ ਵਾਜਪਾਈ ਦਾ ਇਹ ਬਿਆਨ ਸਿਰਫ਼ ਪੱਖਬਾਜ਼ੀ ਹੀ ਨਹੀਂ ਇਸਦੇ ਅਰਥ ਡੂੰਘੇ ਹਨ।

## ਅਸੰਤੁਲਨ ਅਤੇ ਨਵੇਂ-ਬੰਦੋਬਸਤ

ਹਿੰਦੋਸਤਾਨ ਦੇ ਹਾਕਮ ਦਾਇਰੇ ਅਤੇ ਸਟੇਟ ਐਸ ਵੇਲੇ ਸ਼ਰੇਆਮ ਫਿਰਕਾਪ੍ਰਸਤੀ ਅਤੇ ਦਹਿਸ਼ਤਗਰਦੀ ਤੇ ਕਿਉਂ ਉਤਰ ਰਹੇ ਹਨ? ਘਟਨਾਵਾਂ ਤੇ ਵਾਕਿਆਤ ਕੀ ਜ਼ਾਹਰ ਕਰ ਰਹੀਆਂ ਹਨ? ਹਾਲਤਾਂ ਦੇ ਬਦਕਿਸਮਤ ਸ਼ਿਕਾਰ ਬਣੇ ਰਹਿਣ ਦੀ ਥਾਂ ਲੋਕ ਸਥਿਤੀ ਨੂੰ ਆਪਣੇ ਹੱਕ ਵਿਚ ਪਲਟਣ ਲਈ ਕੀ ਕਰ ਸਕਦੇ ਹਨ? ਸਮਾਜ ਵਿਚ ਉਹ ਕਿਹੜੀਆਂ ਤਾਕਤਾਂ ਹਨ ਜਿਨ੍ਹਾਂ ਨੂੰ ਜਥੇਬੰਦ ਕਰਕੇ ਹਰਕਤ ਵਿਚ ਲਿਆਉਣ ਦੀ ਲੋੜ ਹੈ? ਵਾਜਪਾਈ ਇਹ ਪੈਗਾਮ ਕਿਨ੍ਹਾਂ ਨੂੰ ਦੇ ਰਿਹਾ ਹੈ ਕਿ ਮੁਸਲਮਾਨਾਂ ਤੇ ਹਮਲੇ ਕਰਨੇ ਠੀਕ ਹਨ ਤੇ ਉਹ ਇਸਦੀ ਤਿਆਰੀ ਕਰ ਰਹੇ ਹਨ?

ਪਿਛਲੇ ਦਸ-ਬਾਰਾਂ ਸਾਲਾਂ ਵਿਚ ਸਾਹਮਣੇ ਆਏ ਨਵੇਂ ਵਾਕਿਆਤ, ਜਿਨ੍ਹਾਂ ਵਿਚ ਸੰਸਾਰ ਦੀ ਦੋ-ਧਰੁਵੀ ਵੰਡ ਦਾ ਖ਼ਾਤਮਾਂ, ਨਿਜੀਕਰਣ, ਉਦਾਰਵਾਦ, ਵਿਸ਼ਵੀਕਰਨ, ਸਮਾਜ-ਵਿਰੋਧੀ ਧਾਵਾ ਅਤੇ ਅਮੀਰਾਂ ਦੀਆਂ ਝੋਲੀਆਂ ਭਰਨ ਦੀ ਪਾਲਸੀ ਸ਼ਾਮਲ ਹੈ, ਉਨ੍ਹਾਂ ਪੁਰਾਣੇ ਬੰਦੋਬਸਤਾਂ ਨੂੰ ਤਬਾਹ ਕਰ ਰਹੇ ਹਨ ਜੋ ੧੯੪੭ ਵਿਚ ਹਾਕਮ ਦਾਇਰਿਆਂ ਨੇ ਆਪੋ ਵਿਚੀ ਬਣਾਏ ਸਨ, ਆਪਣੇ ਵਿਦੇਸ਼ੀ ਮੁਰਸ਼ਦਾਂ ਨਾਲ ਬਣਾਏ ਸਨ ਤੇ ਹਿੰਦੋਸਤਾਨ ਦੇ ਲੋਕਾਂ ਨਾਲ ਬਣਾਏ ਸਨ। ਨੌਕਰੀ ਸੁਰੱਖਿਆ, ਪਬਲਿਕ ਵੰਡ ਸਿਸਟਮ, ਮੁਫ਼ਤ ਸਿਹਤ ਸੇਵਾ, ਮੁਫ਼ਤ ਵਿਦਿਆ, ਸਾਰਿਆਂ ਨੂੰ ਵੋਟ ਦਾ ਹੱਕ ਵਰਗੀਆਂ ਕੁਝ ਰਿਆਇਤਾਂ ਹਾਕਮ ਦਾਇਰਿਆਂ ਨੂੰ ਲੋਕਾਂ ਨੂੰ ੧੯੪੭ ਵਿਚ ਲਿਖਤੀ ਰੂਪ ਵਿਚ ਦੇਣੀਆਂ ਪਈਆਂ ਜਿਨ੍ਹਾਂ ਮੁਲਕ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਅੰਤਾਂ ਦਾ ਖ਼ੂਨ ਡੋਲਿਆ ਸੀ ਭਾਵੇਂ ਆਮ ਕਰਕੇ ਰਹੀਆਂ ਇਹ ਕਾਂਗਜ਼ਾਂ ਵਿਚ ਹੀ। "ਸੈਕੂਲਰ ਤੇ ਸੋਸ਼ਲਿਸਟ ਤਰਜ਼ ਦਾ ਸਮਾਜ" ਉਸਾਰਨ ਦਾ ਸਮਝੌਤਾ ਉਨ੍ਹਾਂ ਨੇ ਆਪਸ ਵਿਚੀ ਕੀਤਾ ਕਿਉਕਿ ਇਕੱਠੇ ਹੋਕੇ ਹਿੰਦੋਸਤਾਨ ਦੇ ਲੋਕਾਂ ਦੀ ਲੁਟ ਕਰਨ ਦਾ ਉਸ ਵੇਲੇ ਇਹ ਇਕ ਵਧੀਆ ਜੁਗਾੜ ਸੀ ਮਿਸਾਲ ਦੇ ਤੌਰ ਤੇ ਹਿੰਦੋਸਤਾਨ ਦੇ ਵੱਡੇ ਵੱਡੇ ਅਜਾਰੇਦਾਰ ਘਰਾਣੇ ਕੌਮੀ ਕੀਤੇ ਗਏ ਵੱਖ ਵੱਖ ਬੈਂਕਾਂ ਤੋਂ ਲਿਆ ਹੋਇਆ ੭੦,੦੦੦ ਕਰੋੜ ਰੁਪਏ ਦਾ ਕਰਜ਼ਾ ਬਿਲਕੁਲ ਮਾਰ ਗਏ ਤੇ ਹੁਣ ਮੰਗ ਕਰ ਰਹੇ ਹਨ ਇਹ ਬੈਂਕ ਪ੍ਰਾਈਵੇਟ ਕਰ ਦੇਣੇ ਚਾਹੀਦੇ ਹਨ ਕਿਉਂਕਿ ਇਹ ਘਾਟੇ ਵਿਚ ਜਾ ਰਹੇ ਹਨ! ਇਨ੍ਹਾਂ ਜੁਗਾੜਾਂ ਦੇ ਆਸਰੇ ਉਹ ਇਕ ਦੂਜੇ ਵਲ "ਸਹਿਣਸ਼ੀਲ" ਰਹਿ ਸਕਦੇ ਸਨ ਤੇ ਉਹ ਤਾਣਬਾਣਾਂ (ਇਨਫਰਾਸਟਰੱਕਚਰ) ਉਸਾਰ ਸਕਦੇ ਸਨ ਜੋ ਵਪਾਰ ਵਿਚ ਬਦੇਸ਼ੀ ਮੁਕਾਬਲੇ ਤੋਂ ਬਚਣ ਅਤੇ ਲਸੰਸ-ਰਾਜ ਰਾਹੀਂ ਆਪੋ ਆਪਣੀ ਅਜਾਰੇਦਾਰੀ ਬਣਾਉਣ ਲਈ ਇਨ੍ਹਾਂ ਸਾਰਿਆਂ ਨੂੰ ਲੋੜੀਂਦਾ ਸੀ, ਅਤੇ ਜਿਸਦੀ ਪਹਿਲਾਂ ਸਿਫਾਰਸ਼ ਕਰਨ ਵਾਲਾ ੧੯੪੭ ਦਾ ਇੰਡਸਟਰੀਅਲ ਕਮਿਸ਼ਨ ਸੀ ਜਿਸ ਵਿਚ ਬਸਤੀਵਾਦੀ ਹਕੂਮਤ ਅਤੇ ਟਾਟਾ, ਬਿਰਲਾ ਤੇ ਬਜਾਜ ਵਰਗੇ ਅਜਾਰੇਦਾਰ ਘਰਾਣਿਆਂ ਦੇ ਨੁਮਾਇੰਦੇ ਸ਼ਾਮਲ ਸਨ।

ਹਾਕਮ ਦਾਇਰਿਆਂ ਦਾ ਇਹ ਬੰਦੋਬਸਤ ਤੇ ਸਮਝ- ਸਮਝੌਤੇ ਕਰਨ ਦਾ ਇਕ ਹੋਰ ਮੰਤਵ ਇਹ ਸੀ ਕਿ ਠੰਢੀ-ਜੰਗ ਦੌਰਾਨ ਸੰਸਾਰ ਦੀ ਦੋ-ਧਰੁਵੀ ਵੰਡ, ਜਿਸ ਵਿਚ ਸੰਸਾਰ ਨੂੰ ਆਪੋ ਆਪਣੇ ਗਲਬੇ ਥੱਲੇ ਲਿਆਉਣ ਲਈ ਇਕ ਪਾਸੇ ਸੋਵੀਅਤ ਯੂਨੀਅਨ ਖੜਾ ਸੀ ਤੇ ਦੂਸਰੇ ਪਾਸੇ ਅਮਰੀਕਾ ਸੀ, ਦੀ ਸਥਿਤੀ ਵਿਚ ਇਕ ਜੁਗਤ ਨਾਲ ਚਲਕੇ ਆਪਣੇ ਸਾਮਰਾਜੀ ਮਨਸ਼ਿਆਂ ਨੂੰ ਪ੍ਰਫੁਲਤ ਕਰ ਸਕਣ। ਜਿਹੜੀ ਵੈਲਫੇਅਰ ਸਟੇਟ ਉਨ੍ਹਾਂ ਦੇ ਬਰਤਾਨਵੀ ਮੁਰਸ਼ਦਾਂ ਨੇ ਵੀਹਵਿਆਂ ਦੇ ਸ਼ੁਰੂ ਵਿਚ ਇੰਗਲੈਂਡ ਵਿਚ ਕਾਇਮ ਕੀਤੀ ਸੀ, ੧੯੪੭ ਵਿਚ ਤਾਕਤ ਦੇ ਤਬਾਦਲੇ ਮਗਰੋਂ ਉਸਨੂੰ ਹਿੰਦੋਸਤਾਨ ਵਿਚ ਵੀ ਲਾਗੂ ਕਰਨਾ ਦੇਸੀ ਹਾਕਮਾਂ ਲਈ ਬੜੀ ਲੋੜੀਂਦੀ ਚੀਜ਼ ਸੀ। ੧੯੯੦ ਵਿਆਂ ਦੇ ਅੱਧ ਤੱਕ ਪਹੁੰਚਕੇ ਹਾਲਾਤ ਬਦਲ ਗਏ ਤੇ ਹਾਕਮਾਂ ਨੂੰ ਇਸਦੀ ਕੋਈ ਲੋੜ ਨਾ ਰਹੀ। ਹੁਣ ਹਿੰਦੋਸਤਾਨ ਦਾ ਸਮਾਜ ਉਸ ਮੁਕਾਮ ਤੇ ਆ ਗਿਆ ਸੀ ਜਿਥੇ ਕੋਈ ਵੀ ਤਾਕਤ ਪੁਰਾਣੇ ਤਰੀਕੇ ਨਾਲ ਕੰਮ ਕਰਕੇ ਕਾਇਮ ਨਹੀਂ ਸੀ ਰਹਿ ਸਕਦੀ। ਹਿੰਦੋਸਤਾਨ ਦੇ ਹਾਕਮ ਦਾਇਰਿਆਂ ਨੂੰ ਨਵੇਂ ਬੰਦੋਬਸ਼ਤ ਕਰਨ ਅਤੇ ਸਟੇਟ ਨੂੰ ਨਵੀਂ ਸ਼ਕਲ ਦੇਣ ਦੀ ਜ਼ਰੂਰਤ ਪਈ। ਇਸ ਲਈ ਹਾਕਮ ਦਾਇਰਿਆਂ ਦੇ ਵੱਖੋ ਵੱਖ ਭਾਗ ਕਦੇ ਪ੍ਰਧਾਨਗੀ ਤਰਜ਼ ਦੀ ਸਰਕਾਰ ਕਾਇਮ ਕਰਨ ਦੀਆਂ ਗੱਲਾਂ ਕਰਨ ਲੱਗੇ ਤੇ ਕਦੇ ਸੰਵਿਧਾਨ ਨੂੰ ਤਬਦੀਲ ਕਰਨ ਦੀ ਮੰਗ ਸਕਰਨ ਲੱਗ ਪਏ ਅਤੇ ਟਾਡਾ ਤੇ ਪੋਟੋ ਵਰਗੇ ਕਠੋਰ ਕਾਨੂੰਨ ਬਣਾ ਦਿਤੇ ਗਏ। ਇਹ ਸਾਰੀ ਗੱਲਬਾਤ ਇਸ ਚੀਜ਼ ਦੀ ਝਲਕ ਹੈ ਕਿ ਹਾਕਮਾਂ ਨੂੰ ਹੁਣ ਪੁਰਾਣੇ ਬੰਦੋਬਸਤ ਤਬਾਹ ਕਰਕੇ ਨਵੇਂ ਬੰਦੋਬਸਤਾਂ ਦੀ ਲੋੜ ਹੈ।

੧੯੪੭ ਦੇ ਵੇਲਿਆਂ ਦੀ ਕੌਮੀ ਤੇ ਕੌਮਾਂਤਰੀ ਸਥਿਤੀ ਨੂੰ ਮੱਦੇਨਜ਼ਰ ਰੱਖਕੇ ਬਣਾਏ ਗਏ ਇਹ ਸਾਰੇ ਬੰਦੋਬਸਤ ਹੁਣ ਹਿੰਦੋਸਤਾਨ ਦੇ ਹਾਕਮ ਤਬਕੇ ਦੇ ਵੀ ਕੰਮ ਦੇ ਨਹੀਂ ਰਹੇ ਤੇ ਲੋਕਾਂ ਦੀ ਲੋੜ ਵੀ ਪੂਰੀ ਨਹੀਂ ਕਰਦੇ। ਹੁਣ ਇਕ ਨਵੀਂ ਜੁਗਤ ਇਹ ਵਰਤੀ ਜਾ ਰਹੀ ਹੈ ਕਿ ਹਿੰਦੋਸਤਾਨ

ਦੇ ਲੋਕਾਂ ਨੂੰ ਜੋਰਾ-ਜਬਰੀ ਦਬਾਉਣ ਲਈ, ਅਤੇ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਹਿੰਦੋਸਤਾਨੀ ਸਟੇਟ ਸ਼ਰੇਆਮ ਫਿਰਕਾਪ੍ਰਸਤੀ ਅਤੇ ਦਹਿਸ਼ਤਗਰਦੀ ਤੇ ਉਤਰ ਪਈ ਹੈ। ਇਕ ਜਾਂ ਦੂਸਰੀ ਸ਼ਕਲ ਵਿਚ ਸਟੇਟ ਦਹਿਸ਼ਤਗਰਦੀ ਹੁਣ ਇਕ ਆਮ ਦੀ ਗੱਲ ਬਣਦੀ ਜਾ ਰਹੀ ਹੈ। ਇਸਦੀ ਸ਼ੁਰੂਆਤ ੧੯੮੪ ਤਿਚ ਗੋਲਡਨ ਟੈਂਪਲ ਉਤੇ ਇੰਦਰਾਗਾਂਧੀ ਦੇ ਫੌਜੀ ਹਮਲੇ ਨਾਲ ਹੋਈ। ਪਹਿਲਾਂ ਪ੍ਰਚਾਰ ਕੀਤਾ ਗਿਆ ਕਿ ਸਿੱਖ ਮੁਲਕ ਦੇ ਗ਼ੱਦਾਰ ਹਨ ਅਤੇ ਮਗਰੋਂ ਸਿਖਾਂ ਦਾ ਕਤਲੇਆਮ ਕੀਤਾ ਗਿਆ। ਫ਼ੇਰ ਇਸਦੇ ਮਗਰੋਂ ਬਾਬਰੀ ਮਸਜਦ ਦੇ ਦਰਵਾਜ਼ੇ ਖੋਹਲ ਦਿਤੇ ਗਏ, ਰਾਜੀਵ ਗਾਂਧੀ ਦੀ ਸਰਕਾਰ ਨੇ ੧੯੮੯ ਆਪਣੀ ਚੋਣ ਮੁਹਿੰਮ ਅਯੁਧਿਆ ਤੋਂ ਸ਼ੁਰੂ ਕੀਤੀ, ਅਤੇ ਰਾਓ ਦੀ ਹਕੂਮਤ ਅਤੇ ਭਾਜਪਾ ਦੀ ਅਗਵਾਈ ਹੇਠ ਬਾਬਰੀ ਮਸਜਦ ਤੋੜੀ ਗਈ, ਅਤੇ ਹੁਣ ਗੁਜਰਾਤ ਵਿਚ ਕਤਲੇਆਮ ਤੇ ਬਾਜਪਾਈ ਦੀ ਮੁਸਲਮਾਨਾਂ ਦੇ ਖ਼ਿਲਾਫ਼ ਜੰਗ।

ਲੋਕਾਂ ਨਾਲ ਕੀਤੇ ਗਏ ਪੁਰਾਣੇ ਬੰਦੋਬਸਤ ਵੀ ਹੁਣ ਤੋੜੇ ਜਾ ਰਹੇ ਹਨ ਜਿਵੇਂ ਕਿ ਫੂਡ ਸਬਸਿਡੀ ਖਤਮ ਕਰ ਦਿਤੀ ਗਈ ਹੈ ਅਤੇ ਹੋਰ ਸੋਸ਼ਲ ਪ੍ਰੋਗਰਾਮ ਖ਼ਤਮ ਕੀਤੇ ਜਾ ਰਹੇ ਤੇ ਲੋਕ ਇਸਦੀ ਡੱਟ ਕੇ ਵਿਰੋਧਤਾ ਕਰ ਰਹੇ ਹਨ। ਹਾਕਮ ਦਾਇਰਿਆਂ ਤੇ ਉਨ੍ਹਾਂ ਦੀ ਸਟੇਟ ਦੇ ਸਮਾਜ ਵਿਰੋਧੀ ਧਾਵੇ ਦੇ ਖ਼ਿਲਾਫ਼ ੧੫ ਅਪ੍ਰੈਲ ੨੦੦੨ ਨੂੰ ਇਕ ਕਰੋੜ ਮਜ਼ਦੂਰਾਂ ਨੇ ਹੜਤਾਲ ਕੀਤੀ। ਇਸੇ ਤਰ੍ਹਾਂ ਹਾਕਮ ਤਬਕੇ ਦੇ ਵੱਖ ਵੱਖ ਭਾਗ ਸਟੇਟ ਅਤੇ ਇਸਦੇ ਖ਼ਜ਼ਾਨੇ ਨੂੰ ਆਪਣੇ ਹੱਥਾਂ ਵਿਚ ਲਿਆਉਣ ਲਈ ਆਪਸ ਵਿਚ ਵੀ ਬਹੁਤ ਖਹਿਬੜ ਰਹੇ ਹਨ।

## ਸ਼ਰੇਆਮ ਫਿਰਕਾਪ੍ਰਸਤੀ ਅਤੇ ਦਹਿਸ਼ਤਗਰਦੀ ਦੇ ਚਿਹਰੇ ਨਾਲ ਹਾਕਮ ਤਬਕੇ ਇਹ ਮੰਤਵ ਹਾਸਲ ਕਰਨਾ ਲੋੜਦੇ ਹਨः

### ੧) ਉਹਨਾਂ ਦੇ ਸਮਾਜ ਵਿਰੋਧੀ ਧਾਵੇ ਦੀ ਹਿੰਦੋਸਤਾਨ ਦੇ ਲੋਕਾਂ ਵਲੋਂ ਕੀਤੀ ਜਾ ਰਹੀ ਹਰ ਵਿਰੋਧਤਾ ਨੂੰ ਕੁਚਲਣਾਂः-

ਅੱਜ ਲੋਕ ਪੁੱਛ ਰਹੇ ਹਨ ਕਿ ਜਦੋਂ ਮੁਲਕ ਅੰਦਰ ਅਨਾਜ ਦੇ ਸਰਕਾਰੀ ਗੁਦਾਮਾਂ ਵਿਚ ੭੦ ਮਿਲੀਅਨ ਟੰਨ ਅਨਾਜ ਰੁਲਦਾ ਪਿਆ ਹੋਇਆ ਹੈ ਤਾਂ ਉਨ੍ਹਾਂ ਨੂੰ ਭੁਖੇ ਕਿਉਂ ਰਹਿਣਾਂ ਪੈ ਰਿਹਾ ਹੈ? ਮੁਲਕ ਦੀਆਂ ਪਬਲਕ ਸੈਕਟਰ ਸਨਅਤਾਂ ਵਿਚੋਂ ਬਾਹਰ ਨਿਕਲ ਜਾਣ ਦੀ ਸਰਕਾਰਾਂ ਦੀ ਨਵੀਂ ਨੀਤੀ ਦੀ ਉਹ ਮੁਖ਼ਾਲਫ਼ਤ ਕਰ ਰਹੇ ਹਨ, ਮੁਲਕ ਦੇ ਤਾਣੇਬਾਣੇ (ਇਨਫਰਾਸਟਰੱਕਚਰ), ਬਿਜਲੀ, ਪਾਣੀ ਅਤੇ ਹੋਰ ਵਸੀਲਿਆਂ ਨੂੰ ਨਿਜੀ ਹੱਥਾਂ ਵਿਚ ਦੇਣ ਦੀ ਵੀ ਲੋਕਾਂ ਵਲੋਂ ਬਹੁਤ ਵਿਰੋਧਤਾ ਕੀਤੀ ਜਾ ਰਹੀ ਹੈ। ਸਟੇਟ ਵਲੋਂ ਜਥੇਬੰਦ ਕੀਤੀ ਹੋਈ ਫਿਰਕੂ ਹਿੰਸਾ ਅਤੇ ਦਹਿਸ਼ਤ ਨੂੰ ਵਰਤਕੇ ਹਿੰਦੋਸਤਾਨ ਦੇ ਹਾਕਮ ਦਾਇਰੇ ਆਪਣੀਆਂ ਨਵ-ਲਿਬਰਲ ਨੀਤੀਆਂ ਦੇ ਖ਼ਿਲਾਫ਼ ਲੋਕਾਂ ਦੀ ਮੁਖ਼ਾਲਫਤ ਦਾ ਸਿਰ ਭੰਨਣਾਂ ਚਾਹੁੰਦੇ ਹਨ।

### ੨)ਮਜ਼ਦੂਰਾਂ ਤੇ ਕਿਸਾਨਾਂ ਨੂੰ ਪਾੜਨਾः-

ਹਿੰਦੋਸਤਾਨ ਦੇ ਮਜ਼ਦੂਰ ਤੇ ਕਿਸਾਨ ਧਰਮ ਵਿਚ ਡੂੰਘਾ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਦੇ ਵਿਚਕਾਰ ਫਿਰਕੂ ਨਫ਼ਰਤ ਦਾ ਜ਼ਹਿਰ ਬੀਜ ਕੇ, ਧਰਮ ਦੇ ਅਧਾਰ ਤੇ ਉਨ੍ਹਾਂ ਨੂੰ ਆਪਸ ਵਿਚ ਲੜਾਕੇ ਅਤੇ ਫਿਰਕੂ ਹਿੰਸਾ ਨੂੰ ਵਰਤਕੇ ਹਿੰਦੋਸਤਾਨ ਦਾ ਹਾਕਮ ਟੋਲਾ ਮਜ਼ਦੂਰ ਜਮਾਤ ਅਤੇ ਕਿਸਾਨ ਨੂੰ ਪਾੜਨਾ ਲੋੜਦਾ ਹੈ। ਉਦਾਹਰਣ ਦੇ ਤੌਰ ਤੇ, ਗੁਜਰਾਤ ਦਾ ਮੁਖ ਮੰਤਰੀ ਅਤੇ ਭਾਰਤ ਦਾ ਪ੍ਰਧਾਨ ਮੰਤਰੀ ਗੁਜਰਾਤ ਵਿਚ ਹੋ ਰਹੀ ਫਿਰਕੂ ਹਿੰਸਾ ਦੀ ਸਫ਼ਾਈ ਵਿਚ ਦਲੀਲਾਂ ਦੇ ਰਹੇ ਹਨ ਹਾਲਾਂਕਿ ਇਸਦੇ ਪਿਛੇ ਪੂਰੀ ਤਰ੍ਹਾਂ ਸਟੇਟ ਦਾ ਹੱਥ ਹੈ। ਹਿੰਦੋਸਤਾਨ ਦੇ ਹਾਕਮ ਟੋਲੇ ਦੀਆਂ ਨਵੀਆਂ ਆਰਥਕ ਨੀਤੀਆਂ ਦੇ ਖ਼ਿਲਾਫ਼ ਮਜ਼ਦੂਰ ਤੇ ਕਿਸਾਨ ਹੜਤਾਲਾਂ, ਮੁਜ਼ਾਹਰੇ, ਰਸਤੇ ਰੋਕੋ, ਰੇਲ ਰੋਕੋ ਤੇ ਹੋਰ ਐਕਸ਼ਨ ਕਰ ਰਹੇ ਹਨ। ਇਨ੍ਹਾਂ ਦੀਆਂ ਨੀਤੀਆਂ ਤੋਂ ਦੁਖੀ ਹੋਕੇ ਹਜ਼ਾਰਾਂ ਦੀ ਗਿਣਤੀ ਵਿਚ ਕਿਰਸਾਨ ਖ਼ੁਦਕੁਸ਼ੀਆਂ ਕਰ ਚੁਕੇ ਹਨ। ਸ਼ਹਿਰਾਂ ਵਿਚ ਮਜ਼ਦੂਰ ਕਿਰਸਾਨਾ ਦੀ ਹਮਾਇਤ ਵਿਚ ਜਲਸੇ, ਜਲੂਸ ਅਤੇ ਰੈਲੀਆਂ ਕਰ ਰਹੇ ਹਨ ਅਤੇ ਕਪੜਾ ਮਜ਼ਦੂਰਾਂ, ਬਿਜਲੀ ਵਰਕਰਾਂ, ਸਟੀਲ ਮਜ਼ਦੂਰਾਂ ਅਤੇ ਬੈਂਕ ਕਰਮਚਾਰੀਆਂ ਦੀਆਂ ਮੰਗਾਂ ਅਤੇ ਜਦੋਜਹਿਦਾਂ ਦੀ ਹਮਾਇਤ ਕਿਰਸਾਨ ਕਰਦੇ ਰਹੇ ਹਨ। ਸਟੇਟ ਦੀ ਜਥੇਬੰਦ ਕੀਤੀ ਹੋਈ ਹਿੰਸਾਂ ਮਜ਼ਦੂਰ ਤੇ ਕਿਰਸਾਨ ਦੀ ਇਸ ਏਕਤਾ ਨੂੰ ਖ਼ਤਮ ਕਰਨ ਲਈ ਹੈ।

### ੩)ਮੱਧ ਵਰਗ ਨੂੰ ਪਾੜਨ ਲਈः-

ਆਰਥਕਤਾ ਦੀ ਅਜਾਰੇਦਾਰੀ ਹੁੰਦੇ ਜਾਣ ਦੇ ਨਤੀਜੇ ਦੇ ਤੌਰ ਤੇ ਛੋਟਾ ਤੇ ਮੱਧਵਰਗੀ ਵਪਾਰੀ ਤਬਕਾ ਅਤੇ ਛੋਟੇ ਤੇ ਦਰਮਿਆਨੇ ਕਾਸ਼ਤਕਾਰ ਨਪੀੜੇ ਜਾ ਰਹੇ ਹਨ। ਹਿੰਦੋਸਤਾਨ ਦੀਆਂ ਇਨ੍ਹਾਂ ਮੱਧਵਰਗੀ ਸਰੇਣੀਆਂ ਵਿਚ ਕਾਫ਼ੀ ਅਸੰਤੁਸ਼ਟੀ ਫੈਲ ਰਹੀ ਹੈ। ਸਵਦੇਸ਼ੀ ਦੇ ਨਾਅਰੇ ਨੂੰ ਵਰਤਕੇ ਭਾਜਪਾ ਨੇ ਮੱਧਵਰਗੀ ਵਪਾਰੀ ਤਬਕੇ ਵਿਚ ਆਪਣਾਂ ਚੋਖਾ ਅਧਾਰ ਬਣਾ ਲਿਆ ਸੀ ਪਰ ਇਸਦੀਆਂ ਨੀਤੀਆਂ ਵੱਡੇ ਅਜਾਰੇਦਾਰਾਂ ਦੇ ਹੱਕ ਵਿਚ ਜਾਂਦੀਆਂ ਹਨ। ਹੁਣ ਇਸਦੀਆਂ ਨੀਤੀਆਂ ਮੱਧਵਰਗਾਂ ਦੇ ਰਗੜੇ ਕੱਢ ਰਹੀਆਂ ਹਨ। ਅੱਕਿਆ ਹੋਇਆ ਮੱਧਵਰਗੀ ਤਬਕਾ ਕੇਂਦਰੀ ਸਰਕਾਰ ਅਤੇ ਪ੍ਰਾਂਤਕ ਸਰਕਾਰਾਂ ਦੀਆਂ ਨੀਤੀਆਂ ਦੇ ਖ਼ਿਲਾਫ਼ ਅਵਾਜ਼ ਉਠਾਉਣ ਲੱਗ ਪਿਆ ਹੈ। ਗੁਜਰਾਤ ਵਿਚ ਮੁਸਲਮਾਨਾਂ ਦੇ ਵਪਾਰਾਂ ਅਤੇ ਕਾਰੋਬਾਰਾਂ ਉਤੇ ਹਮਲੇ ਕਰਨ ਤੇ ਕਰਵਾਉਣ ਵਾਲਿਆਂ ਵਲੋਂ ਵੰਡੇ ਗਏ ਕੁਝ ਇਸ਼ਤਿਹਾਰਾਂ ਵਿਚ ਇਹ ਗੱਲ ਕਹੀ ਗਈ ਕਿ ਮੁਸਲਮਾਨ ਵਪਾਰੀ ਤੇ ਦੁਕਾਨਦਾਰ ਤਬਕਾ ਹਿੰਦੂ ਵਪਾਰੀਆਂ ਦਾ ਕਰੋੜਾਂ ਰੁਪਿਆਂ ਦਾ ਵਪਾਰ ਆਪਣੇ ਹੱਥਾਂ ਵਿਚ ਕਰੀ ਜਾਂਦਾ ਹੈ ਜਿਸ ਕਰਕੇ ਹਿੰਦੂ ਵਪਾਰੀਆਂ ਦਾ ਹਾਲ ਖ਼ਰਾਬ ਹੋ ਰਿਹਾ ਹੈ। ਹੁਣ ਇਹੋ ਜਿਹਾ ਝੂਠਾ ਪ੍ਰਚਾਰ ਕਰਨ ਕਰਾਉਣ ਦੀ ਭਾਜਪਾ ਨੂੰ ਬੜੀ ਲੋੜ ਹੈ ਕਿਉਂਕਿ ਮੱਧਵਰਗ ਦੀ ਬਦਹਾਲੀ ਦਾ ਇਲਜ਼ਾਮ ਮੁਸਲਮਾਨਾਂ ਦੇ ਸਿਰ ਲਾਕੇ, ਇਸਨੂੰ ਫਿਰਕੂ ਰੰਗਤ ਦੇਕੇ, ਅਤੇ ਧਾਰਮਕ ਅਧਾਰ ਤੇ ਫਿਰਕੂ ਹਿੰਸਾ ਜਥੇਬੰਦ ਕਰਕੇ, ਅਤੇ ਲੋਕਾਂ ਨੂੰ ਪਾੜਕੇ, ਉਨ੍ਹਾਂ ਦੀ ਵਿਰੋਧਤਾ ਕਮਜ਼ੋਰ ਕਰਕੇ ਤੇ ਉਨ੍ਹਾਂ ਨੂੰ ਆਪਸ ਵਿਚ ਲੜਾਕੇ ਇਹ ਆਪ ਸਾਫ਼ ਨਿਕਲਿਆ ਚਾਹੁੰਦੀ ਹੈ।

## ੪)ਹਾਕਮ ਟੋਲੇ ਦੇ ਆਪਸੀ ਝਗੜਿਆਂ ਦੇ ਹੱਲ ਲਈ ਸਹਿਣਸ਼ੀਲਤਾ ਦੀ ਥਾਂ ਜੁਤੀ ਦੀ ਵਰਤੋਂਃ-

ਹੁਕਮਰਾਨ ਹਲਕਿਆਂ ਦੇ ਵੱਖ ਵੱਖ ਧੜੇ ਸਟੇਟ ਨੂੰ ਚਲਾਉਣ ਦਾ ਕੰਮ ਆਪਣੇ ਕੰਟਰੋਲ ਵਿਚ ਕਰਨ ਲਈ ਆਪਸੀ ਮੱਭ-ਭੇਦਾਂ ਤੇ ਝਗੜਿਆਂ ਨੂੰ ਪਹਿਲਾਂ ਦੀ ਤਰ੍ਹਾਂ "ਅਮਨਸ਼ਾਂਤੀ" ਅਤੇ "ਸਹਿਣਸ਼ੀਲਤਾ" ਤੇ "ਸਦਭਾਵਨਾ" ਨਾਲ ਹੱਲ ਕਰਨ ਤੋਂ ਐਸ ਵੇਲੇ ਅਸਮਰੱਥ ਹਨ। ਪੂੰਜੀ ਇਕੱਠੀ ਕਰਨ ਦੇ ਸਾਧਨਾਂ ਨੂੰ ਹੱਥਾਂ ਹੇਠ ਕਰਨ ਅਤੇ ਪੂੰਜੀ ਨਿਵੇਸ਼ ਲਈ ਥਾਂ ਲੱਭਣ ਵਿਚ ਸਟੇਟ ਦੀ ਵਰਤੋਂ ਕਰਨ ਲਈ ਇਹ ਸਾਰੇ ਆਪਸ ਵਿਚੀਂ ਕੁਤਿਆਂ ਵਾਂਗ ਲੜ ਰਹੇ ਹਨ। ਪਿਛਲੇ ਪੰਜਾਹ-ਪਚਵੰਜਾਂ ਸਾਲ ਤੋਂ ਹਾਕਮ ਟੋਲਾ ਸਟੇਟ ਨੂੰ ਆਪਣੇ ਮੁਫ਼ਾਦਾਂ ਲਈ ਵਰਤਦਾ ਤੁਰਿਆ ਆ ਰਿਹਾ ਹੈ। ਕੇਂਦਰੀ ਤੇ ਪ੍ਰਾਂਤਕ ਪੱਧਰ ਤੇ ਸਟੇਟ ਨੂੰ ਆਪੋ ਆਪਣੇ ਕੰਟਰੋਲ ਵਿਚ ਕਰਨ ਲਈ ਹੁਣ ਇਹ ਸਾਰੇ ਹਾਕਮ ਧੜੇ ਆਪਸ ਵਿਚ ਇਕ ਖ਼ੂੰਖਾਰ ਜਦੋਜਹਿਦ ਕਰ ਰਹੇ ਹਨ। ਸਟੇਟ ਤੇ ਕੰਟਰੋਲ ਕਰਨ ਲਈ ਕਤਲਾਂ ਦੀ ਸਿਆਸਤ ਅਤੇ ਹਿੰਸਾ ਦੀ ਵਰਤੋਂ ਸ਼ਰੇਆਮ ਕੀਤੀ ਜਾ ਰਹੀ ਹੈ। ਇੰਦਰਾ ਗਾਂਧੀ ਦਾ ਕਤਲ, ਰਾਜੀਵ ਗਾਂਧੀ ਦਾ ਕਤਲ ਅਤੇ ਹੋਰ ਵਾਰਦਾਤਾਂ ਸਟੇਟ ਨੂੰ ਕੰਟਰੋਲ ਕਰਨ ਦੀ ਇਨ੍ਹਾਂ ਦੀ ਆਪਸੀ ਲੜਾਈ ਦੀ ਹੀ ਇਕ ਝਲਕ ਹਨ ਅਤੇ ਬੋਫੋਰ, ਤਹਿਲਕਾ, ਪਸ਼ੂ-ਚਾਰਾ, ਤੇ ਇਸ ਤਰ੍ਹਾਂ ਦੇ ਹੋਰ ਨਿਤ ਸਾਹਮਣੇ ਆਉਂਦੇ ਸਕੈਂਡਲ ਇਸ ਬਾਂਦਰਵੰਡ ਦੀਆਂ ਹੋਰ ਮਿਸਾਲਾਂ ਹਨ। ਇਸ ਲੜਾਈ ਵਿਚ ਜੇਤੂ ਹੋਣ ਲਈ ਉਹ ਧਰਮ ਨੂੰ ਵੀ ਵਰਤਦੇ ਹਨ। ਇਨ੍ਹਾਂ ਲਈ ਇਹ ਕੋਈ ਬੜੀ ਗੱਲ ਨਹੀਂ ਕਿ ਕਿਸੇ ਮੰਤਰੀ ਜਾਂ ਹੋਰ ਮਹੱਤਵਪੂਰਨ ਅਧਿਕਾਰ ਦਾ ਕਤਲ ਕਰ-ਕਰਾ ਦੇਣ ਤੇ ਇਲਜ਼ਾਮ ਮੁਸਲਮਾਨਾਂ ਦੇ ਸਿਰ ਲਾਕੇ ਇਕ ਖ਼ੂਨ-ਖਰਾਬੇ ਅਤੇ ਫ਼ਾਸ਼ੀ ਦਹਿਸ਼ਤ ਦਾ ਵਾਤਾਵਰਣ ਪੈਦਾ ਕਰਕੇ ਆਪਣੇ ਵਿਰੋਧੀਆਂ ਦਾ ਸਫ਼ਾਇਆ ਕਰ ਦੇਣ।

ਫਿਰਕੂ ਹਿੰਸਾ, ਕਤਲਾਂ ਅਤੇ ਅਪਰਾਧ ਦੀ ਸਿਆਸਤ, ਇਨ੍ਹਾਂ ਦੇ ਅਜ਼ਮਾਏ ਹੋਏ ਹਥਿਆਰ ਹਨ। ਮਿਸਾਲ ਦੇ ਤੌਰ ਤੇ, ੧੯੬੦-੭੦ ਦੇ ਦੌਰਾਨ ਫਿਰਕੂ ਹਿੰਸਾ ਦੇ ੭,੫੦੦ ਵਾਕਿਆਤ ਹੋਏ। ਲੋਕ ਸਭਾ ਵਿਚ ੧੫ ਅਪ੍ਰੈਲ ੨੦੦੨ ਨੂੰ ਪੇਸ਼ ਕੀਤੀ ਇਕ ਰਿਪੋਟ ਵਿਚ ***ਸਟੈਂਡਿੰਗ ਕਮੇਟੀ ਓਨ ਹੋਮ*** ਦਸਦੀ ਹੈ ਕਿ ਪਿਛਲੇ ਸਾਲ ਵਿਚ ਫਿਰਕੂ ਹਿੰਸਾ ਦੇ ਐਸੇ ੬੧੭ ਕੇਸ ਦਰਜ ਹੋਏ ਜਿਨ੍ਹਾਂ ਵਿਚ ਸੈਂਕੜੇ ਲੋਕ ਮੌਤ ਦੇ ਘਾਟ ਉਤਾਰ ਦਿਤੇ ਗਏ। ਗੁਜਰਾਤ ਵਿਚਲੀ ਫਿਰਕੂ ਹਿੰਸਾ ਬਾਰੇ ਗੱਲ ਕਰਦਿਆਂ ਰੱਖਿਆ ਮੰਤਰੀ ਜਾਰਜ ਫਰਨਾਂਡਿਸ ਨੇ ਪਾਰਲੀਮੈਂਟ ਵਿਚ ਕਿਹਾ, "ਵਿਰੋਧੀ ਲੀਡਰ ਤਾਂ ਏਦਾਂ ਗੱਲਾਂ ਕਰਦੇ ਪਏ ਨੇ ਜਿਦਾਂ ਕਿਤੇ ਮੁਸਲਮਾਨਾਂ ਦਾ ਕਤਲੇਆਮ ਪਹਿਲੀ ਵਾਰ ਹੋਇਆ ਹੋਵੇ। ਉਹ ਗਰਭਵਤੀ ਔਰਤਾਂ ਦੀਆਂ ਕੁਖਾਂ ਨੂੰ ਵਿੰਨ੍ਹ ਦੇਣ ਦੀਆਂ, ਅਣਜੰਮੇ ਬੱਚਿਆਂ ਦੇ ਲੋਥੜੇ ਬਾਹਰ ਕੱਢ ਸੁਟਣ ਦੀਆਂ, ਮਾਰ ਟੁੱਕ ਕੇ ਅੱਗ ਹਵਾਲੇ ਕਰਨ ਦੀਆਂ, ਮਾਵਾਂ ਦੇ ਸਾਹਮਣੇ ਉਨ੍ਹਾਂ ਦੀਆਂ ਜੁਆਨ ਧੀਆਂ ਨੂੰ ਸਮੂਹਕ ਬਲਾਤਕਾਰ ਕਰਕੇ ਜਾਨੋਂ ਮਾਰ ਦੇਣ ਦੀਆਂ ਅਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਟੁਕੜੇ ਟੁਕੜੇ ਕਰ ਕੇ ਅੱਗ ਵਿਚ ਸਾੜ ਦੇਣ ਦੀਆਂ ਵਾਰਦਾਤਾਂ ਦੀਆਂ ਤਸਵੀਰਾਂ ਬੜੀ ਤਫ਼ਸੀਲ ਨਾਲ ਪੇਸ਼ ਕਰ ਰਹੇ ਹਨ। ਇਹ ਸ਼ੋਰ ਮਚਾ ਰਹੇ ਹਨ? ਕੀ ਇਹ ਸਾਰਾ ਕੁਝ ੧੯੪੭ ਤੋਂ ਹੀ ਨਹੀਂ ਹੁੰਦਾ ਆ ਰਿਹਾ? ਆਜ਼ਾਦੀ ਮਗਰੋਂ ਦੇ ਪਿਛਲੇ ੫੫ ਸਾਲਾਂ ਵਿਚ ੧੫,੦੦੦ ਕਤਲੇਆਮ ਹੋ ਚੁਕੇ ਹਨ। ਹੁਣ ਕੋਈ ਬਹੁਤਾ ਲੋਹੜਾ ਆ ਗਿਆ!" ਪਿਛਲੇ ਪੰਚਵੰਜਾ ਸਾਲਾਂ ਵਿਚ ਕਿਸੇ ਵੀ ਵਿਅਕਤੀ ਨੂੰ ਇਨ੍ਹਾਂ ਜ਼ੁਰਮਾਂ ਲਈ ਸਜ਼ਾ ਨਹੀਂ ਮਿਲੀ ਜਿਨ੍ਹਾਂ ਦੀ ਗੱਲ ਜਾਰਜ ਫਰਨੈਂਡਸ ਨੇ ਲੋਕ ਸਭਾ ਵਿਚ ਬੜੀ ਤਫ਼ਸੀਲ ਨਾਲ ਕੀਤੀ।

ਸੰਸਾਰ ਦੀ ਮੌਜੂਦਾ ਸਥਿਤੀ ਵਿਚ, ਜਿਥੇ ਕਿ ਦੋ-ਧਰੁਵੀ ਵੰਡ ਨਹੀਂ ਰਹੀ ਤੇ ਅਮਰੀਕਾ ਸਾਰੀ ਦੁਨੀਆਂ ਦੇ ਲੋਕਾਂ ਤੇ ਆਪਣਾਂ ਗਲਬਾ ਪਾਉਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ, ਏਸ਼ੀਆ ਨੂੰ ਆਪਣੇ ਹੱਥਾਂ ਹੇਠ ਕਰਨਾ ਸਾਮਰਾਜ ਦੀ ਇਕ ਸਖਤ ਜ਼ਰੂਰਤ ਹੈ। ਏਸ਼ੀਆ ਐਸ ਵੇਲੇ ਸੰਸਾਰ ਦਾ ਸਭ ਤੋਂ ਵੱਡਾ ਪੈਦਾਵਾਰੀ ਕੇਂਦਰ ਬਣ ਗਿਆ ਹੈ। ਇਹ ਸੰਸਾਰ ਦੀ ਸੱਭ ਤੋਂ ਵੱਡੀ ਮੰਡੀ ਵੀ ਹੈ ਤੇ ਹੁਨਰਮੰਦ ਲੇਬਰ ਦੀ ਏਥੇ ਬਹੁਤ ਵੱਡੀ ਬਹੁਤਾਤ ਹੈ। ਸੰਸਾਰ ਦੀ ਸੱਠ ਫ਼ੀ ਸਦੀ ਤੋਂ ਜ਼ਿਆਦਾ ਆਬਾਦੀ ਏਸ਼ੀਆ ਵਿਚ ਵਸਦੀ ਹੈ। ਏਸ ਖਿਤੇ ਨੂੰ ਕਾਬੂ ਕਰਨ ਲਈ ਅਮਰੀਕਂ ਸਾਮਰਾਜ ਹਿੰਦੂ-ਕਾਰਡ ਖੇਲ ਕੇ ਬਸਤੀਵਾਦੀ ਵੇਲਿਆਂ ਦਾ ਉਹ ਗੱਠਜੋੜ ਸੁਰਜੀਤ ਤੇ ਮਜ਼ਬੂਤ ਕਰਨਾ ਚਾਹੁੰਦਾ ਹੈ ਜੋ ਬ੍ਰਾਹਮਣਵਾਦ ਅਤੇ ਯੋਰਪੀਅਨ ਲਿਬਰਲਵਾਦ ਵਿਚਕਾਰ ਸੀ। ਜਿਵੇਂ ਬ੍ਰਤਾਨਵੀ ਬਸਤੀਵਾਦੀਆਂ ਨੇ ਏਸ਼ੀਆ ਅਤੇ ਅਫ਼ਰੀਕਾ ਦੇ ਵੱਦੇ ਹਿਸਿਆਂ ਨੂੰ ਕਾਬੂ ਕਰਨ ਲਈ ਹਿੰਦੋਸਤਾਨੀ ਫੌਜਾਂ ਨੂੰ ਵਰਤਿਆ ਸੀ ਉਸੇ ਤਰ੍ਹਾਂ ਹੁਣ ਅਮਰੀਕਾ ਵੀ ਹੁਣ ਬ੍ਰਾਹਮਣਵਾਦੀ ਸ਼ਾਵਨਵਾਦ ਨੂੰ ਇਸਲਾਮ ਅਤੇ ਮੁਸਲਮਾਨਾਂ ਉਤੇ ਹਮਲਾ ਕਰਨ ਲਈ ਵਰਤਣਾ ਚਾਹੁੰਦਾ ਹੈ ਤਾਂ ਕਿ ਹਿੰਦੋਸਤਾਨ ਅਤੇ ਏਸ਼ੀਆ ਵਿਚ ਧਰਮ ਦੇ ਅਧਾਰ ਖ਼ੂਨ ਖ਼ਰਾਬਾ ਕਰਵਾ ਕੇ, ਏਸ਼ੀਆ ਦੀਆਂ ਮੰਡੀਆਂ ਨੂੰ ਆਪਣੇ ਕਬਜ਼ੇ ਵਿਚ ਕਰ ਲਵੇ, ਏਥੇ ਦੇ ਕੁਦਰਤੀ ਸੋਮਿਆਂ ਤੇ ਲੇਬਰ ਉਤੇ ਕੰਟਰੋਲ ਕਰ ਲਵੇ, ਅਤੇ ਸਾਮਰਾਜ ਦੇ ਖ਼ਿਲਾਫ਼ ਏਸ਼ੀਆ ਦੇ ਲੋਕਾਂ ਦੀ ਮੁਖ਼ਾਲਫਤ ਤੇ ਬਗਾਵਤ ਨੂੰ ਦਬਾ ਸਕੇ ਖ਼ਾਸ ਕਰ ਮਿਡਲ ਈਸਟ ਵਿਚ, ਜਿਥੇ ਲੋਕ ਸਾਮਰਾਜ ਦੇ ਖ਼ਿਲਾਫ਼ ਲੜਾਈ ਵਿਚ ਇਸਲਾਮਕ ਵਿਚਾਰਧਾਰਾ ਨੂੰ ਵਰਤ ਰਹੇ ਹਨ। ਹਿੰਦੋਸਤਾਨ ਦਾ ਹਾਕਮ ਟੋਲਾ ਸਮਝਦਾ ਹੈ ਕਿ ਅਮਰੀਕਾ ਨਾਲ ਰਲਕੇ ਉਨ੍ਹਾਂ ਦਾ ਦਾਅ ਲਗ ਸਕਦਾ ਹੈ ਤੇ ਏਸ਼ੀਆ ਉਤੇ ਉਨ੍ਹਾਂ ਦੀ ਵੀ ਸਰਦਾਰੀ ਕਾਇਮ ਹੋ ਸਕਦੀ ਹੈ ਅਤੇ ਖ਼ੂਨ ਖਰਾਬੇ ਦੇ ਆਸਰੇ ਉਹ ਹਿੰਦੋਸਤਾਨ ਦੇ ਲੋਕਾਂ ਦੀ ਜਦੋਜਹਿਦ ਨੂੰ ਕੁਰਾਹੇ ਪਾ ਸਕਦੇ ਹਨ। ਹਿੰਦੋਸਤਾਨ ਦੇ ਹਾਕਮ ਟੋਲੇ, ਇਨ੍ਹਾਂ ਦੀ ਸਟੇਟ, ਅਤੇ ਇਨ੍ਹਾਂ ਦੀਆਂ ਸਿਆਸੀ ਪਾਰਟੀਆਂ ਦੀ ਇਹ ਗਿਣੀ ਮਿਥੀ ਸਕੀਮ ਹੈ।

ਹਿੰਦੋਸਤਾਨੀ ਸਟੇਟ ਵਲੋਂ ਸ਼ਰੇਆਮ ਫਿਰਕਾਪ੍ਰਸਤੀ ਤੇ ਦਹਿਸ਼ਤਗਰਦੀ ਤੇ ਉਤਰ ਆਉਣਾਂ ਏਸ਼ੀਆ ਨੂੰ ਕਾਬੂ ਕਰਨ ਦੀ ਲਾਲਸਾ ਵਿਚ ਅਮਰੀਕਾ ਲਈ ਵੀ ਮੁਫ਼ੀਦ ਹੈ ਅਤੇ ਹਿੰਦੋਸਤਾਨ ਦੇ ਹਾਕਮ ਟੋਲੇ ਨੂੰ ਵੀ ਸੂਤ ਬਹਿੰਦਾ ਹੈ। ਆਪਣਾ ਦਬਦਬਾ ਅਤੇ ਪੁਜੀਸ਼ਨਾਂ ਬਣਾਈ ਰੱਖਣ ਲਈ ਇਹ ਲੋਕਾਂ ਦੇ ਖ਼ੂਨ-ਖ਼ਰਾਬੇ, ਕਤਲੇਆਮ ਅਤੇ ਬਰਬਾਦੀਆਂ ਦਾ ਬੰਦੋਬਸਤ ਕਰਦੇ ਹਨ। ਐਸ ਵੇਲੇ ਇਹਦੇ ਬਗੈਰ ਇਨ੍ਹਾਂ ਦਾ ਗੁਜ਼ਾਰਾ ਨਹੀਂ। ਮੌਜੂਦਾ ਹਾਲਾਤ ਵਿਚ "ਸਹਿਣਸ਼ੀਲਤਾ" ਤੇ "ਲਿਬਰਲਵਾਦ" ਤੇ ਚਲਣਾਂ ਇਨ੍ਹਾਂ ਲਈ ਮਸ਼ਕਿਲ ਹੈ। ਸਿਵਲ ਸੁਸਾਇਟੀ ਦੇ ਇਨ੍ਹਾਂ ਅਦਾਰਿਆਂ ਨੂੰ ਵਰਤਕੇ ਚਾਹੇ ਕੋਈ ਵੀ ਪਾਰਟੀ ਤਾਕਤ ਵਿਚ ਆ ਜਾਵੇ ਉਹਨੂੰ ਇਹੋ ਕੁਝ ਹੀ ਕਰਨਾ ਪਵੇਗਾ। ਲੋਕੀ ਆਪਣੇ ਹੱਕ ਚਾਹੁੰਦੇ ਹਨ, ਹਾਕਮ ਟੋਲਾ ਉਨ੍ਹਾਂ ਨੂੰ ਦਬਾਅ ਕੇ ਰੱਖਣਾਂ ਲੋੜਦਾ ਹੈ। ਲੋਕੀ ਆਜ਼ਾਦੀ ਚਾਹੁੰਦੇ ਹਨ, ਹਾਕਮ ਗੁਲਾਮ ਬਣਾ ਕੇ ਰੱਖਣਾਂ ਚਾਹੁੰਦੇ ਹਨ। ਲੋਕੀ ਖੁੱਲ ਚਾਹੁੰਦੇ ਹਨ, ਹਾਕਮ ਉਨ੍ਹਾਂ ਦੇ ਪੈਰੀਂ ਜ਼ੰਜੀਰਾਂ ਪਾਈ ਰੱਖਣਾਂ ਲੋੜਦੇ ਹਨ। ਜੰਗ ਦੀ ਲਕੀਰ ਵਾਹੀ ਜਾ ਰਹੀ ਹੈ।

## ਲੋਕੀ ਕੀ ਕਰਨ?

ਹਿੰਦੋਸਤਾਨੀ ਹਾਕਮ ਦਾਇਰਿਆਂ ਦੇ ਇਸ ਸਮਾਜ ਵਿਰੋਧੀ ਧਾਵੇ, ਖ਼ੂਨ-ਖਰਾਬੇ ਅਤੇ ਕਤਲੋਗਾਰਤ ਨੂੰ ਹਾਰ ਦੇਣ ਲਈ ਹਿੰਦੋਸਤਾਨ ਦੇ ਲੋਕਾਂ ਨੂੰ ਜਥੇਬੰਦ ਹੋਣ ਤੇ ਸਰਗਰਮ ਹੋਣ ਦੀ ਸਖ਼ਤ ਜ਼ਰੂਰਤ ਹੈ ਤੇ ਸਟੇਟ ਵਲੋਂ ਜਥੇਬੰਦ ਕੀਤੀ ਜਾ ਰਹੀ ਨਸਲਕੁਸ਼ੀ ਦੇ ਖ਼ਿਲਾਫ਼ ਲੜਨ ਦੀ ਲੋੜ ਹੈ। ਸਾਰਿਆਂ ਦੇ ਹੱਕਾਂ ਦੀ ਰਾਖੀ ਲਈ ਲੋਕਾਂ ਨੂੰ ਖ਼ੁਦ ਆਪਣੀਆਂ ਡੀਫੈਂਸ ਜਥੇਬੰਦੀਆਂ ਬਣਾਉਣੀਆਂ ਪੈਣਗੀਆਂ। ਮੌਜੂਦਾ ਹਾਲਾਤ ਅਤੇ ਪਿਛਲੇ ਪਚਵੰਜਾ ਸਾਲਾਂ ਦੀ ਹਿਸਟਰੀ ਦਸਦੀ ਹੈ ਕਿ ਹਿੰਦੋਸਤਾਨੀ ਸਟੇਟ ਦਾ ਕੋਈ ਵੀ ਅਦਾਰਾ ਲੋਕਾਂ ਦੇ ਹੱਕਾਂ ਦੀ ਰਾਖੀ ਨਹੀਂ ਕਰੇਗਾ। ਉਹ ਕਿਸੇ ਵੀ ਸਿਆਸੀ ਪਾਰਟੀ ਜਾਂ ਆਗੂ, ਜਾਂ ਆਰਮੀ, ਜਾਂ ਪੁਲਿਸ, ਜਾਂ ਅਦਾਲਤਾਂ, ਜਾਂ ਨੀਮ ਫ਼ੌਜੀ ਦਸਤਿਆਂ ਤੋਂ ਆਪਣੀ ਤੇ ਆਪਣੇ ਹੱਕਾਂ ਦੀ ਹਿਫ਼ਾਜ਼ਤ ਦੀ ਆਸ ਨਹੀਂ ਰੱਖ ਸਕਦੇ। ਇਹ ਕੰਮ ਉਨ੍ਹਾਂ ਨੂੰ ਆਪਣੇ ਆਪ ਕਰਨਾ ਪਵਗਾ। ਇਸਦੇ ਨਾਲ ਹੀ ਸਟੇਟ ਦੇ ਜਥੇਬੰਦ ਕੀਤੇ ਹਮਲਿਆਂ ਦੇ ਖ਼ਿਲਾਫ਼ ਲੜਨ ਲਈ ਉਨ੍ਹਾਂ ਨੂੰ ਸਾਰੇ ਸਮਾਜ ਦੀ ਜ਼ਮੀਰ ਨੂੰ ਅਪੀਲ ਕਰਨੀ ਚਾਹੀਦੀ ਹੈ ਅਤੇ ਸਟੇਟ ਮਸ਼ੀਨਰੀ ਵਿਚ ਕੰਮ ਕਰਨ ਵਾਲਿਆਂ ਦੀ ਜ਼ਮੀਰ ਨੂੰ ਵੀ ਅਪੀਲ ਕਰਨੀ ਚਾਹੀਦੀ ਹੈ ਕਿ ਜੋ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਘਿਨਾਉਣੇ ਕੰਮ ਕਰਨ ਦੇ ਹੁਕਮ ਦਿੰਦੇ ਹਨ ਉਨ੍ਹਾਂ ਦੇ ਹੁਕਮ ਮੰਨਣ ਤੋਂ ਇਨਕਾਰ ਕਰਨ ਤੇ ਆਪਣੀਆਂ ਬੰਦੂਕਾਂ ਦੇ ਮੂੰਹ ਹੁਕਮ ਦੇਣ ਵਾਲਿਆਂ ਵੱਲ ਮੋੜ ਦੇਣ। ਖ਼ੂਨ-ਖਰਾਬਾ ਤੇ ਕਤਲੇਆਮ ਜਥੇਬੰਦ ਕਰਨ ਵਾਲਿਆਂ ਨੂੰ ਸਜ਼ਾਵਾਂ ਦੇਣ ਲਈ ਲੋਕਾਂ ਨੂੰ ਲੋਕ-ਅਦਾਲਤਾਂ ਬਣਾਉਣੀਆਂ ਚਾਹੀਦੀਆਂ ਹਨ ਤੇ ਜੋ ਵੀ ਇਹੋ ਜਿਹੇ ਕੁਕਰਮ ਕਰਦਾ ਹੈ ਸਜ਼ਾ ਪਾਵੇ ਚਾਹੇ ਉਸਦਾ ਸਰਕਾਰੀ ਅਹੁਦਾ ਜਾਂ ਰਾਜਸੀ ਰੁਤਬਾ ਕੋਈ ਵੀ ਹੋਵੇ। ਪਿਛਲੇ ਪਚਵੰਜਾ ਸਾਲ ਸਾਬਤ ਕਰਦੇ ਹਨ ਕਿ ਹਿੰਦੋਸਤਾਨ ਦੀ ਜੁਡੀਸ਼ਰੀ ਇਨ੍ਹਾਂ ਗੁਨਾਹਗਾਰਾਂ ਨੂੰ ਸਜ਼ਾ ਨਹੀਂ ਦੇ ਸਕਦੀ ਕਿਉਂਕਿ ਇਹ ਉਸੇ ਹੀ ਸਟੇਟ ਦਾ ਇਕ ਹਿਸਾ ਹੈ ਜੋ ਇਹ ਕਤਲੇਆਮ ਜਥੇਬੰਦ ਕਰਦੀ ਹੈ।

ਸਭਨਾਂ ਦੇ ਹੱਕਾਂ, ਆਬਰੂ ਅਤੇ ਜਾਨ ਦੀ ਰਾਖੀ ਦੇ ਇਸ ਸੰਘਰਸ਼ ਵਿਚ ਮਜ਼ਦੂਰਾਂ ਦੀਆਂ ਜਥੇਬੰਦੀਆਂ, ਕਿਸਾਨਾਂ ਦੀਆਂ ਜਥੇਬੰਦੀਆਂ, ਗੈਰ-ਜਥੇਬੰਦ ਮੇਹਨਤਕਸ਼ਾਂ, ਔਰਤਾਂ, ਮਜ਼ਦੂਰਾਂ, ਨੌਜੁਆਨਾਂ, ਦਫ਼ਤਰਾਂ ਦੇ ਕਰਮਚਾਰੀਆਂ, ਉਨ੍ਹਾਂ ਦੀਆਂ ਯੂਨੀਅਨਾਂ ਅਤੇ ਸਭਾਵਾਂ ਨੂੰ ਇਕ ਫੈਸਲਾਕੁੰਨ ਰੋਲ ਅਦਾ ਕਰਨਾ ਪਵੇਗਾ। ਟਰੇਡ ਯੂਨੀਅਨਾਂ ਨੂੰ ਮਜ਼ਦੂਰਾਂ ਨੂੰ ਹੋਕਾ ਦੇਣਾ ਚਾਹੀਦਾ ਹੈ ਕਿ ਆਪਣੇ ਹੱਕਾਂ ਲਈ ਲੜਾਈ ਦੇ ਇਕ ਹਿਸੇ ਦੇ ਤੌਰ ਤੇ ਉਹ ਫਿਰਕੂ ਹਿੰਸਾ ਦੇ ਖ਼ਿਲਾਫ਼ ਲੜਨ। ਮਜ਼ਦੂਰ ਜਮਾਤ ਨੂੰ ਉਠਣਾਂ ਪਵੇਗਾ, ਕਿਰਸਾਨੀ ਨੂੰ ਉਠਣਾਂ ਪਵੇਗਾ, ਦਲਿਤਾਂ ਨੂੰ, ਨੌਜੁਆਨਾਂ ਨੂੰ, ਵਿਦਿਆਰਥੀਆਂ ਨੂੰ, ਅਤੇ ਔਰਤਾਂ ਨੂੰ ਉਠਣਾਂ ਪਵੇਗਾ ਤੇ ਇਕਮੁੱਠ ਹੋਕੇ ਹਿੰਦੋਸਤਾਨ ਦੇ ਲੋਕਾਂ ਦੇ ਖ਼ਿਲਾਫ਼ ਬੋਲੇ ਜਾ ਰਹੇ ਸਟੇਟ ਦੇ ਇਸ ਧਾਵੇ ਦਾ ਮੂੰਹ ਤੋੜ ਜਵਾਬ ਦੇਣਾ ਚਾਹੀਦਾ ਹੈ। ਸਟੇਟ ਦੇ ਇਨ੍ਹਾਂ ਹਮਲਿਆਂ ਦਾ ਮੁਕਾਬਲਾ ਕਰਨ ਲਈ ਮੁਹੱਲਾ ਕਮੇਟੀਆਂ, ਪਿੰਡ ਕਮੇਟੀਆਂ, ਨਗਰ ਕਮੇਟੀਆਂ ਤੇ ਸ਼ਹਿਰ ਕਮੇਟੀਆਂ ਬਣਾਈਆਂ ਜਾਣ।

ਕੁਝ ਖੱਬੀਆਂ ਪਾਰਟੀਆਂ ਤੇ ਹੋਰ ਸ਼ੁਭਚਿੰਤਕ ਲੋਕ ਇਹ ਸੁਝਾਅ ਪੇਸ਼ ਕਰਦੇ ਹਨ ਕਿ ਜੇ ਫਿਰਕੂ ਤਣਾਅ ਵਾਲੇ ਇਲਾਕੇ ਫ਼ੌਜ ਦੇ ਹਵਾਲੇ ਕਰ ਦਿਤੇ ਜਾਣ ਤਾਂ ਸਥਿਤੀ ਸੁਧਰ ਜਾਵੇਗੀ। ਇਹ ਗੱਲ ਸਿਧਾਂਤਕ ਤੌਰ ਤੇ ਕੱਚੀ ਅਤੇ ਅਮਲੀ ਤੌਰ ਤੇ ਖਤਰਨਾਕ ਹੈ। ਇੰਡੀਅਨ ਆਰਮੀ ਤੇ ਪੈਰਾ-ਮਿਲਟਰੀ ਦਸਤੇ ਹਿੰਦੋਸਤਾਨੀ ਸਟੇਟ ਦਾ ਇਕ ਅਹਿਮ ਤੇ ਫੈਸਲਾਕੁੰਨ ਹਿੱਸਾ ਹਨ। ਉਹ ਹਾਕਮ ਦਾਇਰਿਆਂ ਦੇ ਹੁਕਮ ਤੇ ਚਲਦੇ ਹੋਏ ਉਨ੍ਹਾਂ ਦੇ ਹੀ ਹਿਤਾਂ ਦੀ ਰਾਖੀ ਕਰਦੇ ਹਨ। ਹਿੰਦੋਸਤਾਨੀ ਹਾਕਮ ਟੋਲਾ ਫਿਰਕੂ-ਹਿੰਸਾ ਜਥੇਬੰਦ ਕਰਦਾ ਹੈ ਤੇ ਫਿਰ ਇਸ ਹਿੰਸਾ ਨੂੰ ਦਬਾਉਣ ਦੇ ਬਹਾਨੇ ਫ਼ੌਜੀ ਦਸਤੇ ਭੇਜ ਕੇ ਆਪਣਾ ਮੰਤਵ ਪੂਰਾ ਕਰਵਾਉਂਦਾ ਹੈ। ਫ਼ੌਜ ਅਤੇ ਪੈਰਾ ਮਿਲਟਰੀ ਦਸਤਿਆਂ ਦੇ ਫਲੈਗ ਮਾਰਚ ਅਤੇ ਫੋਲਾ-ਫਾਲੀ ਦੇ ਅਪ੍ਰੇਸ਼ਨ ਹਾਕਮ ਦਾਇਰਿਆਂ ਦਾ ਗੰਦਾ ਕੰਮ ਕਰਨ ਲਈ ਹੁੰਦੇ ਹਨ। ਪਿਛਲੇ ੧੦-੧੫ ਸਾਲਾਂ ਵਿਚ ਸਿਵਲ ਮਸਲਿਆਂ ਨਾਲ ਸਿੱਝਣ ਲਈ ਹਜ਼ਾਰਾਂ ਵਾਰੀ ਫ਼ੌਜ ਵਰਤੀ ਜਾ ਚੁਕੀ ਹੈ। ਮੁਲਕ ਨੂੰ ਫ਼ੌਜ ਦੇ ਹਵਾਲੇ ਕਰਨਾ ਮਸਲੇ ਦਾ ਹੱਲ ਨਹੀਂ। ਕਈ ਹੋਰ ਹਨ ਜੋ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਭਾਜਪਾ ਨੂੰ ਬੈਨ ਕਰਨ ਦੀ ਮੰਗ ਕਰਦੇ ਹਨ, ਅਤੇ ਮੋਦੀ ਤੇ ਅਡਵਾਨੀ ਦੇ ਅਸਤੀਫ਼ੇ ਦੀ ਮੰਗ ਕਰਦੇ ਹਨ। ਇਸ ਤਰ੍ਹਾਂ ਦੀਆਂ ਮੰਗਾਂ ਕਰਨਾ ਵੀ ਲੋਕਾਂ ਦੇ ਹਿਤਾਂ ਦੀ ਗੱਲ ਨਹੀਂ। ਇਹ ਹੋਕੇ ਦੇਣ ਨਾਲ ਲੋਕ ਫ਼ੌਰੀ ਕੰਮ ਕਰਨ ਤੋਂ ਕੁਰਾਹੇ ਪੈਂਦੇ ਹਨ ਜੋ ਇਹ ਹੈ ਕਿ ਫਿਰਕੂ-ਹਿੰਸਾ ਰੋਕਣ ਤੇ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਲੋਕਾਂ ਨੂੰ ਫੌਰੀ ਜਥੇਬੰਦ ਹੋਕੇ ਖ਼ੁਦ ਹਰਕਤ ਵਿਚ ਆਉਣ ਦੀ ਲੋੜ ਹੈ। ਮੱਧ ਪ੍ਰਦੇਸ਼ ਸਰਕਾਰ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਦੇ ਬਹਾਨੇ ਹੇਠ ਲੋਕਾਂ ਉਤੇ ਨੈਸ਼ਨਲ ਸਕਿਉਰਟੀ ਐਕਟ ਹੇਠ ਹਮਲੇ ਕਰਨ ਵੀ ਲੱਗ ਪਈ ਹੈ। ਦਿਗਵਿਜੈ ਸਿੰਘ ਦੀ ਸਰਕਾਰ ਏਸ ਬਹਾਨੇ ਹੇਠ ਸਾਰੇ ਵਿਰੋਧੀਆਂ ਦੇ ਨਮਦੇ ਕੱਸ ਰਹੀ ਹੈ। ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਭਾਜਪਾ ਨੂੰ ਬੈਨ ਕਰਨ ਲਈ ਕਹਿਣਾ ਵੀ ਸਿਧਾਂਤਕ ਤੌਰ ਤੇ ਕੱਚਾ ਤੇ ਅਮਲ ਵਿਚ ਖ਼ਤਰਨਾਕ ਹੈ। ਇਹ ਹਾਕਮ ਦਾਇਰਿਆਂ ਅਤੇ ਉਨ੍ਹਾਂ ਦੀ ਸਟੇਟ ਦੇ ਹੱਥਾਂ ਵਿਚ ਖੇਡਣ ਵਾਲੀ ਗੱਲ ਹੈ। ਪੰਜਾਬ ਵਿਚ ਡੇਢ ਲੱਖ ਦੇ ਕਰੀਬ ਨੌਜੁਆਨ ਮੁੰਡਿਆਂ ਨੂੰ "ਖ਼ਾਲਸਤਾਨੀ" ਹੋਣ ਦਾ ਠੱਪਾ ਲਾਕੇ ਸਟੇਟ ਨੇ ਕਤਲ ਕੀਤਾ। ਇਨ੍ਹਾਂ ਜਥੇਬੰਦੀਆਂ ਨੂੰ ਬੈਨ ਕਰਨ ਲਈ ਹੋਕਾ ਦੇਣਾਂ ਇੰਡੀਅਨ ਸਟੇਟ ਨੂੰ ਲੋਕਾਂ ਦੇ ਕਤਲ ਕਰਨ ਦਾ ਲਸੰਸ ਦੇਣਾ ਹੈ।

ਲੋਕਾਂ ਦੀ ਏਕਤਾ, ਜਥੇਬੰਦ ਤਾਕਤ ਅਤੇ ਸਰਗਰਮੀ ਨਾਲ ਹੀ ਇੰਡੀਅਨ ਸਟੇਟ ਦੇ ਜਥੇਬੰਦ ਕੀਤੇ ਹੋਏ ਫਿਰਕੂ ਹਿੰਸਾ ਅਤੇ ਦਹਿਸ਼ਤ ਦੇ ਧਾਵੇ ਨੂੰ ਹਾਰ ਦਿਤੀ ਸਕਦੀ ਹੈ। ਮਿਸਾਲਾਂ ਮਿਲਦੀਆਂ ਹਨ ਕਿ ਰਾਮ ਰਹੀਮ ਨਗਰ, ਰੁਸਤਮਪੁਰਾ ਅਤੇ ਹੋਰ ਥਾਵੀਂ ਲੋਕਾਂ ਨੇ ਆਪਣੀ ਏਕਤਾ, ਜਥੇਬੰਦੀ ਅਤੇ ਸਰਗਰਮੀ ਨਾਲ ਹਾਕਮ ਟੋਲੇ ਨੂੰ ਫਿਰਕੂ-ਹਿੰਸਾ ਨਹੀਂ ਕਰਨ ਦਿਤੀ। ਇਸੇ ਤਰ੍ਹਾਂ ਰਾਜਸਥਾਨ ਦੇ ਕਈ ਪਿੰਡਾਂ ਵਿਚ ਲੋਕ ਆਪਣੀ ਸਾਂਝੀ ਸ਼ਕਤੀ ਤੇ ਉਦਮ ਨਾਲ ਪਾਣੀ ਦਾ ਪ੍ਰਬੰਧ ਕਰ ਗਏ ਹਨ। ਇਸ ਲਈ ਆਪਣੀ ਤਾਕਤ ਉਤੇ ਟੇਕ ਰੱਖਦੇ ਹੋਏ ਲੋਕਾਂ ਨੂੰ ਏਕੇ, ਜਥੇਬੰਦੀ ਅਤੇ ਸਰਗਰਮੀ ਦੀ ਲੋੜ ਹੈ। ਲੋਕਾਂ ਦੀ ਏਕਤਾ ਅਤੇ ਖਾੜਕੂ ਜਥੇਬੰਦੀ ਕਾਇਮ ਕਰਨ ਲਈ ਕਿਸੇ ਦੇ ਧਰਮ ਤੇ ਸਿਆਸਤ ਨੂੰ ਰਾਹ ਵਿਚ ਨਹੀਂ ਆਉਣ ਦੇਣਾਂ ਚਾਹੀਦਾ। ਸਭਨਾਂ ਦੇ ਹੱਕਾਂ ਦੀ ਰਾਖੀ ਲਈ ਇਕ ਵਿਸ਼ਾਲ ਸਾਂਝਾ ਫਰੰਟ ਉਸਾਰਨਾ ਚਾਹੀਦਾ ਹੈ। ਜਦ ਤੱਕ ਲੋਕ ਜਥੇਬੰਦ ਨਹੀਂ ਹੁੰਦੇ ਹਿੰਦੋਸਤਾਨ ਦੇ ਹਾਕਮ ਦਾਇਰੇ ਫਿਰਕੂ ਹਿੰਸਾ ਅਤੇ ਲੋਕਾਂ ਦੇ ਕਤਲੇਆਮ ਜਥੇਬੰਦ ਕਰਦੇ ਹੀ ਰਹਿਣਗੇ। ਇਨ੍ਹਾਂ ਨੂੰ ਰੋਕਣ ਲਈ ਲੋਕਾਂ ਨੂੰ ਆਪਣੀਆਂ ਖਾੜਕੂ ਜਥੇਬੰਦੀਆਂ ਬਣਾਉਣ ਦੀ ਸਖ਼ਤ ਲੋੜ ਹੈ।